
ਉਲਫ਼ਤ ੨
ਬਰਾਜੀਆਂ

## _ ਦੋਂ ਸ਼ਬਦ

ਪਹਿਲਾਂ ਤਾਂ ਸਭ ਦਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ,ਤੁਸੀਂ "ਉਲਫ਼ਤ" ਨੂੰ ਇੰਨਾਂ ਪਿਆਰ ਦਿੱਤਾ,ਤੁਹਾਡੇ ਰਿਵੀਓ ਪੜ੍ਹ ਕੇ ਹੀ ਮੇਰੇ 'ਚ ਦੂਜਾ ਭਾਗ ਲਿਖਣ ਦੀ ਹਿੰਮਤ ਹੋਈ ,ਉਮੀਦ ਕਰਦੇ ਆ,ਪਹਿਲੇ ਭਾਗ ਵਾਂਗ ਇਹ ਭਾਗ ਵੀ ਤੁਹਾਡੀ ਰੂਹ ਵਿੱਚ ਰਚ ਜਾਵੇਗਾ ॥

ਕੁਦਰਤ ਜਿਸ ਰਾਹ ਤੇ ਤੋਰਦੀ ਆ ,ਆਪਾ ਨੂੰ ਤੁਰਨਾ ਪੈਦਾ,ਜੇਕਰ ਕੁਦਰਤ ਦੇ ਖ਼ਿਲਾਫ਼ ਜਾਵਾਂਗੇ ਤਾਂ ਨੁਕਸਾਨ ਹੀ ਹੋਣਾ,ਜਿਵੇਂ ਜਿਵੇਂ ਮੈਨੂੰ ਕੁਦਰਤ ਨੇ ਟਾਲਿਆ ਮੈਂ ਟਲਦਾ ਗਿਆ,ਕੁਝ ਚੀਜ਼ਾਂ ਦਾ ਅਸਰ ਆਪਣੇ ਤੇ ਇਕ ਉਮਰ ਤੱਕ ਰਹਿੰਦਾ,ਜੋ ਹੌਲੀ ਹੌਲੀ ਰੂਹ ਨੂੰ ਖੋਖਲਾ ਕਰਦਾ ਰਹਿੰਦਾ,ਪਰ...ਰੂਹ ਨੂੰ ਸਹਾਰਾ ਵੀ ਉਸੇ ਚੀਜ਼ ਦਾ ਹੁੰਦਾ,ਇਨਸਾਨ ਕੋਈ ਵੀ ਹੋਵੇ,ਜੇਕਰ ਕੋਈ ਤੁਹਾਨੂੰ ਮਾਂ ਵਾਂਗ ਮੁਹੱਬਤ ਕਰੇ,ਤੁਸੀਂ ਉਸਦੇ ਸਾਰੀ ਉਮਰ ਕਰਜ਼ਦਾਰ ਰਹਿਣੇ ਓ,ਮੈਂ ਉਸਦਾ ਹਮੇਸ਼ਾ ਕਰਜ਼ਦਾਰ ਰਹਾਂਗਾ,ਜਿਸ ਨੇ ਮੁਹੱਬਤ ਦਾ ਅਸਲੀ ਮਤਲਬ ਸਮਝਾਇਆ ,ਜ਼ਿੰਦਗੀ ਕੀ ਹੈ,ਉਸੇ ਤੋਂ ਹੀ ਸਿੱਖਿਆ,ਤੁਹਾਡੇ ਲਈ ਇਹ ਸਿਰਫ਼ ਇਕ ਕਿਤਾਬ ਜਾਂ ਇਕ ਕਹਾਣੀ ਹੋਵੇਗੀ,ਪਰ ਮੇਰੀ ਇਹ ਰੂਹ ਦਾ ਜ਼ਖ਼ਮ ਹੈ ॥

( ਕੁਦਰਤ ਸਭ ਦਾ ਖਿਆਲ ਰੱਖੇ )

~~~~~~~~~~~~~~~~~~~~~~~~~~~~~~~~~~~~~~~~
~~~~~~~~~~~~~~~~~~~~~~~~~~~~~~~~~~~~~~~~

( ਉਲਫ਼ਤ - ਭਾਗ ਦੂਜਾ )

ਮੁਹੱਬਤ ਰੇਤ ਦੀ ਢੇਰੀ ਨਹੀਂ
ਜਦ ਦਿਲ ਕੀਤਾ ਹੱਥ 'ਚ ਭਰ ਲਈ
ਜਦ ਦਿਲ ਕੀਤਾ ਖਾਲੀ ਕਰ ਲਈ .....

ਮੁਹੱਬਤ ਤੁਹਾਡੇ ਮਰਨ ਤੱਕ ਤੁਹਾਡੇ ਨਾਲ ਰਹਿੰਦੀ ਆ,ਇਹ ਇਕ ਅੱਧ ਦਿਨ 'ਚ ਨ ਹੀਂ ਭੁੱਲਦੀ,ਕਿਸੇ ਕਿਸੇ ਦੇ ਦਿਲ ਤੇ ਇਹ ਐਨੀ ਡੂੰਘੀ ਛਪ ਜਾਂਦੀ ਆ,ਇਨਸਾਨ ਪਾਗ ਲ ਤੱਕ ਹੋ ਜਾਂਦਾ,ਮੁਹੱਬਤ ਤੁਹਾਨੂੰ ਇਕ ਅਵਾਜ਼ ਦੇਵੇ,ਇਨਸਾਨ ਮਰ ਕੇ ਵੀ ਜਿਉਂਦਾ ਹੋ ਸਕਦਾ,ਪਰ ਮੁਹੱਬਤ ਕਰੋ ਤਾਂ ਰੂਹ ਤੋਂ ਹੀ ਕਰੋ,ਦਿਖਾਵਾ ਤਾਂ ਹਰ ਕੋਈ ਕ ਰ ਲੈਂਦਾ,ਕੋਈ ਵੀ ਚੀਜ਼ ਹੋਵੇ ਪਰ ਜੇ ਕਿਸੇ ਚੀਜ਼ ਦੀ ਲਤ ਇਕ ਵਾਰ ਲੱਗ ਜਾਵੇ,ਜਾਂ ਤਾਂ ਉਹ ਹੱਟਦੀ ਨੀ ਜਾਂ ਫੇਰ ਬਹੁਤ ਜ਼ਿਆਦਾ ਔਖੀ ਹੱਟਦੀ ਆ,ਕੁਝ ਵੀ ਕਰੋ ਜ਼ਿੰਦ ਗੀ 'ਚ ਕਿਸੇ ਚੀਜ਼ ਦੀ ਲਤ ਨਾ ਲਾਉਣਾ,ਮੈਂ ਇਕੱਲਾ ਹੀ ਕਮਰੇ 'ਚ ਬੈਠਾ,ਇਹ ਸਭ ਗੱ ਲਾਂ ਆਪਣੀ ਡਾਇਰੀ ਤੇ ਲਿਖ ਰਿਹਾ ਸੀ,ਮੈਨੂੰ ਨੀ ਪਤਾ ਕਿੰਨਾ ਸਮਾਂ ਹੋ ਰਿਹਾ ਸੀ,ਬਸ ਮੈਂ ਲਗਾਤਾਰ ਲਿਖਦਾ ਜਾ ਰਿਹਾ ਸੀ,ਜਦ ਤੁਹਾਡੀ ਰੂਹ 'ਚ ਬੈਠਾ ਕੋਈ ਲਿਖਵਾ ਰਿ ਹਾ ਹੋਵੇ,ਤੁਹਾਡਾ ਕੰਟਰੋਲ ਕਿਸੇ ਹੋਰ ਦੇ ਹੱਥ ਹੋਵੇ,ਫੇਰ ਇਹ ਨੀ ਪਤਾ ਹੁੰਦਾ,ਸਮਾਂ ਕਿੰ ਨਾ ਹੋ ਗਿਆ॥

ਜੱਸਃ ਜ਼ਿੰਦਗੀ ਯਰ ਐਨੇ ਦੁੱਖ ਕਿਉਂ ਦਿੰਦੀ ਆ,ਜਿਹੜੇ ਝੱਲੇ ਹੀ ਨਾ ਜਾਣ ,

ਮੈਂਃ ਨਹੀਂ ! ਜ਼ਿੰਦਗੀ ਸਿਰਫ਼ ਆਪਾ ਨੂੰ ਉਨ੍ਹਾਂ ਹੀ ਦੁੱਖ ਦਿੰਦੀ ਆ,ਜਿੰਨਾ ਆਪਾ ਝੱਲ ਸ ਕੀਏ,

ਜੱਸਃ ਉਹਦਾ ਕੋਈ ਫ਼ੋਨ ਜਾਂ ਮੇਸ਼ੇਜ ਆਇਆ ?

ਮੈਂਃ ਉਸ ਨੂੰ ਕੀ ਲੋੜ ਉਹ ਤਾਂ ਹਰ ਬਖ਼ਤ ਮੇਰੇ ਨਾਲ ਰਹਿੰਦੀ ਆ,ਆ ਦੇਖ ਆ ਕਿਤਾ ਬ 'ਚ ਉਹ ਆ,ਓ ਦੇਖ ਹੀਰ,ਰਾਂਝੇ ਦੀ ਤਸਵੀਰ ਇਹ ਵੀ ਮੈਂ ਤੇ ਉਹ ਆ।

ਜੱਸਃ ਤੂੰ ਸਾਲਿਆਂ ਸਵੇਰੇ ਹੀ ਨਸ਼ੇ 'ਚ ਆ ?

ਮੈਂਃ ਮੈਂ ਤਾਂ ਇਕ ਜਨਮ ਤੋਂ ਨਸ਼ੇ 'ਚ ਹਾਂ ।

ਜੱਸਃ ਬਾਈ ਯਰ ਆਪਾ ਇਹ ਨਸ਼ੇ ਜੇ ਖਾਹ ਰਹੇ ਆ,ਕੁਛ ਤਾਂ ਕਰਨਾ ਪੈਣਾ ਦਿਲਾ ਤੈ ਨੂੰ ਤਾਂ ਉਹਨੇ ਕਸਮ ਦਿੱਤੀ ਆ,ਤੂੰ ਕਿਉਂ ਉਹਦੀ ਕਸਮ ਤੋੜਨ ਤੇ ਲੱਗਾ ?

ਮੈਂਃ ਜੱਸੇ ਇਕ ਜ਼ਖ਼ਮ ਮੇਰੀ ਰੂਹ ਦੇ ਉਸ ਪਾਰ ਆ ਇਕ ਇਸ ਪਾਰ ਜਦੋਂ ਦੋਹੇ ਮਿਲਦੇ ਆ ਨਾ ਸੱਚੀ ਮਰਨ ਨੂੰ ਦਿਲ ਕਰ ਜਾਂਦਾ,ਕਿੰਨੀ ਸੋਹਣੀ ਜ਼ਿੰਦਗੀ ਆ(ਮੇਰਾ ਆਪਣੇ ਆ ਪ ਹੀ ਹਾਸਾ ਨਿਕਲਿਆ ਸ਼ਾਇਦ ਗ਼ਮ ਚ) ਹਾਹਾਹਾ ਪਰ ਆਪਾ ਸਾਲ਼ੀ ਤਬਾਹ ਕਰਨ ਤੇ ਲੱਗੇ ਆ ॥ ਕਿ ਰੱਖਿਆ ਪੜ੍ਹਾਈ 'ਚ ਐਵੇਂ ਮੱਥਾ ਮਾਰਦੇ ਰਹਿਣੇ ਆ,ਸਭ ਤੋਂ ਵੱਧ ਬੇ ਰੁਜ਼ਗਾਰੀ ਤਾਂ ਪੰਜਾਬ 'ਚ ਆ,ਇਕ ਗੱਲ ਦੱਸਾ ਪੰਜਾਬ ਨੂੰ ਦੋ ਚੀਜ਼ਾਂ ਖਾਹ ਰਹੀਆਂ ਨੇ ਇਕ ਨਸ਼ਾ,ਦੂਜਾ ਬੇਰੁਜ਼ਗਾਰੀ, ਕਮਾਲ ਆ ਦੋਹੇ ਸਰਕਾਰਾਂ ਦੇ ਹੱਥ ਆ ਆਪਣੇ ਹੱਥ ਕੱ ਖ ਨੀ॥

ਜੱਸਃ ਚੱਲ ਯਰ ਕਲਾਸ ਲਾਉਣ ਚੱਲੀਆਂ,ਕੁਛ ਮਨ ਹੋਰ ਹੋਓ ਹਜੇ ਤਾਂ ਐਮ.ਏ ਦੀਆਂ ਕਲਾਸਾਂ ਸ਼ੁਰੂ ਹੀ ਹੋਈਆਂ ਨੇ ਚੱਲ ਉੱਠ.....

ਮੈਂਃ ਤੂੰ ਚੱਲ ਬਸ ਮੈਂ ਆਇਆ....

ਜੱਸ ਜਾਣ ਲਈ ਰਾਜ਼ੀ ਤਾਂ ਨੀ ਸੀ ਪਰ ਉਸ ਨੂੰ ਜਾਣਾ ਪਿਆ,ਮੈਂ ਫ਼ੇਰ ਆਪਣੀ ਮਸਤੀ' ਚ ਮਸਤ ਉਫ਼ ! ਯੇ ਮੁਹੱਬਤ, ਤੇਰਾ ਕਰਜ਼ਦਾਰ ਹਾਂ ਮੈਂ..ਉਹ ਗਈ ਹੈ ਪਰ ਗਈ ਕਿਉਂ

ਨੀ......ਇਕ ਤਸਵੀਰ ਚੱਕ ਉਹਦੇ ਨਾਲ ਗੱਲੀ ਲੱਗ ਗਿਆ...ਸੁਣ ਸੁਣ ਸੁਣ ਮੈਂ ਕਿੰਨੇ ਵਾਰ ਕਿਹਾ ਪਰ ਉਸਦੀ ਤਸਵੀਰ ਕੁਝ ਨਾ ਬੋਲੀ..

ਆਖ਼ਰ ਤੂੰ ਉਹਦੀ ਤਸਵੀਰ ਆ ਹਨਾਂ ? ਹਾਹਾਹਾ ਪਰ ਉਹ ਤਾਂ ਨੀ,ਹਾਂ ਉਹ ਤਾਂ ਉਹ ਸੀ,ਮੇਰੇ ਕੋਲ ਅੰਮ੍ਰਿਤਾ ਪ੍ਰੀਤਮ ਜੀ ਦੀ ਕਿਤਾਬ ਪਈ ਸੀ ਮੇਰਾ ਧਿਆਨ ਉਸ ਵੱਲ ਖਿੱ ਚਿਆ ਗਿਆ ....ਖੁੱਲ੍ਹੀਆਂ ਅੱਖਾਂ ਨਾਲ ਸੁਪਨੇ ਦੇਖ ਰਿਹਾ ਸੀ ਤੇ ਉਸ ਕਿਤਾਬ ਦੇ ਨਾਮ ਵੱਲ ਵਾਰ ਵਾਰ ਦੇਖ ਰਿਹਾ ਸੀ...ਮੈਂ ਤੈਨੂੰ ਫੇਰ ਮਿਲਾਂਗੀ.....

ਗੱਲਾਂ ਦੀ ਲੜੀ ਟੁੱਟਣ ਦਾ ਨਾਂ ਨੀ ਲੈ ਰਹੀ ਸੀ,ਜੱਸ ਦਾ ਫ਼ੋਨ ਆਇਆ.....ਉਹ ਬੁਲਾ ਰਿਹਾ ਸੀ,ਹੇ ਤਸਵੀਰ ਕੌਰ ਮੈਂ ਜਾਓ ਕਿਆ ?......ਸਭ ਸੰਭਾਲ ਨਿੱਚੇ ਗਿਆ,ਜੱਸ ਤੇ ਸ਼ੇਖੋ ਚਾਹ ਪੀ ਰਹੇ ਸੀ,ਕਦੋਂ ਦਾ ਦੇਖ ਰਿਹਾ ਗੱਲ ਕਰਨੀ ਇਕ.

ਮੈਂਃ ਹੂ ਹੂ ਹੂ ਬੋਲ..?

ਜੱਸਃ ਨਹੀਂ ਤੂੰ ਚੱਲ ਮੇਰੇ ਨਾਲ ਮੇਰਾ ਮਨ ਨੀ ਕਰਦਾ ਕਲਾਸ ਦੇ ਅੰਦਰ ਜਾਣ ਨੂੰ

ਮੈਂਃ ਕਿਉਂ ਕੀ ਹੋਇਆ ?

ਜੱਸਃ ਯਰ ਸਾਰਿਆਂ ਨੂੰ ਪਤਾ ਆਪਣਾ ਵੀ ਨਸ਼ੇ ਕਰਦੇ ਆ ....

ਮੈਂਃ ਹਾਹਾਹਾ ਸੋਹਣੀ ਗੱਲ ਆ, ਫੇਰ ਤੈਨੂੰ ਕੀ...ਤੈਨੂੰ ਇਕ ਗੱਲ ਦੱਸਾ,ਇਹ ਲੋਕ ਨਾ ਭੇ ਡ ਚਾਲ ਵਾਂਗ ਚੱਲਦੇ ਆ,ਇਕ ਦੇ ਪਿੱਛੇ ਇਕ ਐਵੇਂ .., ਤੂੰ ਜ਼ਿੰਦਗੀ 'ਚ ਲੱਖ ਚੰਗੇ ਕੰਮ ਕਰ.., ਅਖੀਰ ਤੇ ਇਕ ਮਾੜਾ ਕਰਦੇ.., ਫੇਰ ਦੇਖੀ ਇਹ ਦੁਨੀਆ ਕਿ ਕਰਦੀ ਆ..ਤੇ ਰਾ ਚੰਗਾ ਛੱਡ ਦੇਣਗੇ..ਮਾੜਾ ਚੱਕ ਲੈਣਗੇ...

ਜੱਸਃ ਓ ਤਾਂ ਠੀਕਾ ਪਰ ਹੁਣ ਅੰਦਰ ਜਾਣ ਤੋਂ ਝਿਜਕ ਆਉਂਦੀ

ਮੈਂਃ ਤੂੰ ਚੱਲ ਦੇਖਦੇ ਕੌਣ ਬੋਲਦਾ

ਅਸੀਂ ਦੋਹੇ ਅੰਦਰ ਗਏ..ਕਿਸੇ ਨੇ ਸਾਡੇ ਤੋਂ ਕਿ ਲੈਣਾ ਸੀ ਨਾਲੇ ਅਸੀਂ ਵੀ ਕਿ ਲੈਣਾ,ਪਰ ਕੁਝ ਮਾੜਾ ਕਰਾਂਗੇ ਜਾਂ ਚੰਗਾ ਨਜ਼ਰਾਂ 'ਚ ਚੜ੍ਹ ਜਵਾਂਗੇ,ਸਾਡੇ ਵੀ ਸਾਰੇ ਦੋਸਤ ਅਲੱਗ ਕੁਝ ਕੁ ਨਾਲ ਸੀ,ਹਰਪ੍ਰੀਤ,ਤਾਂ ਸਾਡੇ ਨਾਲ ਹੀ ਆ ਐਮ. ਏ 'ਚ ਪਰ ਅੰਮ੍ਰਿਤ,ਸਿਮਰਨ

ਨੇ ਹੋਰ ਰਾਹ ਫੜ ਲਿਆ, ਇਕ ਉਹਦੀ ਪੱਕੀ ਦੋਸਤ ਗਗਨ ਸਾਡੀ ਸੀਨੀਅਰ ਕਮ ਲੀ ਕੋਰਸ ਛੱਡ ਐਮ.ਏ 'ਚ ਆ ਗਈ,ਇਤਫ਼ਾਕ ਰੱਬ ਜਾਣੇ,ਹੁਣ ਸਾਡੀ ਆਪਣੀ ਹੀ ਟੋ ਲੀ ਸੀ,ਪਰ ਕੁਝ ਘੱਟ ਗਏ,ਕੁਝ ਨਵੇਂ ਜੁੜ ਗਏ ॥ਜ਼ਿੰਦਗੀ ਵੀ ਇਸੇ ਤਰਾਂ ਹੈ ਕੁਝ ਨਵੇਂ ਦੇ ਜਾਂਦੀ ਆ,ਪੁਰਾਣੇ ਖੋਹ ਲੈਂਦੀ ਆ,ਸਾਰੀ ਉਮਰ ਤੱਕ ਕੋਈ ਨੀ ਰਹਿੰਦਾ ॥

ਹਰਪ੍ਰੀਤਃ ਜੱਸ ਚਲੋ ਚਾਹ ਪੀ ਕੇ ਆਈਏ ?

ਅਸੀਂ ਸਾਰੇ ਹੀ ਉਸਦੇ ਪਿੱਛੇ ਚੱਲ ਪਏ,ਚਾਹ ਮੰਗਵਾਈ ਪਰ ਇਕ ਕੱਪ ਘੱਟ ਸੀ,ਮੈਂ ਕਿ ਹਾ ਇਕ ਕੱਪ ਹੋਰ ਇਕ ਚੁੱਪ ਜੀ ਸਾਰਿਆਂ ਦੇ ਚਿਹਰਿਆਂ ਤੇ ਸੀ....

ਹਰਪ੍ਰੀਤਃ ਸਾਰਿਆਂ ਕੋਲ ਚਾਹ ਹੈ,ਤੂੰ ਦੋ ਕੱਪ ਪੀਣੇ ਆ ?

ਮੈਂਃ ਨਹੀਂ ਨਹੀਂ ਬੇਬੀ ਇਕ ਉਹਦੇ ਲਈ ਇਕ ਮੇਰੇ ਲਈ

ਹਰਪ੍ਰੀਤਃ ਯਰ ਤੈਨੂੰ ਕਿਵੇਂ ਸਮਝਾਵਾਂ ਮੈਂ ਤੂੰ ਪਾਗਲ ਹੁੰਦਾ ਜਾ ਰਿਹਾ ਸੱਚੀ,

ਇਕ ਚੁੱਪ ਜੀ ਫੇਰ ਛਾਹ ਗਈ,ਮੈਂ ਇਕ ਘੁੱਟ ਆਪਣੇ ਕੱਪ 'ਚੋ ਭਰਦਾ ਇਕ ਉਸਦੇ ਪਰ ਸਾਰੇ ਚੁੱਪ ਸੀ ....

ਗਗਨਃ(ਇਹ ਉਹੀ ਕੁੜੀ ਆ ਜੋ ਮੇਰੀ ਉਲਫ਼ਤ ਦੇ ਹਰ ਬਖ਼ਤ ਨਾਲ ਰਹਿੰਦੀ ਸੀ) ਕੋਈ ਕੁਝ ਬੋਲੇਗਾ ਐਵੇ ਤਾਂ ਚਾਹ ਵੀ ਸਵਾਦ ਨੀ ਲੱਗਦੀ.....?

ਮੈਂਃ ਹਾਹਾਹਾ ਚਾਹ ਇਹ ਚਾਹ ਜਿਸ ਨੇ ਵੀ ਬਣਾਈ..ਕਮਾਲ...ਕਿੰਨਾ ਕੁਝ ਵੰਡਿਆ ਜਾਂ ਦਾ ਚਾਹ ਤੇ...ਉਫ਼! ਪਰ ਚਾਹ ਦਾ ਹੁਣ ਚਾਅ ਨੀ ਰਿਹਾ...

ਜੱਸਃ ਚਲੋ ਇਹ ਦੱਸੋ ਫੇਰ ਕਿਵੇਂ ਚੱਲ ਰਹੀਆਂ ਕਲਾਸਾਂ..?

ਹਰਪ੍ਰੀਤਃ ਦੇਖੋ ਯਰ ਕੁਝ ਨਵੇਂ ਦੋਸਤ ਕੁਝ ਪੁਰਾਣੇ ਹੋਰ ਤਾਂ ਕੁਝ ਖਾਸ ਨੀ ਹੋਣਾ

ਮੈਂਃਃਹੂ ਪੁਰਾਣੇ ਰੂਹ 'ਚ ਰਚ ਕੇ ਉਡਾਰੀ ਮਾਰ ਗਏ,ਨਵੇਂ ਦੇਹਲ਼ੀ ਤੇ ਦਸਤਕ ਦੇ ਰਹੇ ਆ...

ਹਰਪ੍ਰੀਤਃ ਕਿ ਮਿਲ ਰਿਹਾ ਖੁਦ ਨੂੰ ਗ਼ਮ ਦੀ ਦਲਦਲ ਵਿੱਚ ਸੁੱਟ ਕੇ ਯਰ ਬਣ ਜਾ ਨਾ ਪਹਿਲਾ ਵਰਗਾ ਉਹ ਵੀ ਇਹੀ ਚਾਹੁੰਦੀ ਆ, ਕੀ ਤੂੰ ਸੁਧਰੇ ਪਰ ਤੂੰ ਹੋਰ ਵਿਗੜਦਾ ਜਾ ਰਿਹਾ......

ਸੇਖੋਃ ਸਮਝਾਂ ਸਮਝਾਂ ਥੱਕ ਗਿਆ ਯਰ

ਹਰਪ੍ਰੀਤਃ ਬਸ ਕਰ ਯਰ ਤੂੰ ਵੀ ਏਦੇ ਨਾਲ ਦਾ ਹੀ ਆ, ਦੋਹੇ ਨਸ਼ੇੜੀ ਹੋ ਗਏ ਓ ਇਕ ਦੂਜੇ ਨੂੰ ਕਹਿਣ ਜੋਗੇ ਵੀ ਨੀ ਤੁਸੀਂ......

ਫੇਰ ਇਕ ਗਹਿਰੀ ਚੁੱਪ ਛਾ ਗਈ..ਕਾਫ਼ੀ ਦੇਰ ਤੱਕ ਕੋਈ ਨਾ ਬੋਲਿਆ ਇਕ ਦੂਜੇ ਵੱਲ ਦੇਖਦੇ ਰਹੇ....ਫੇਰ ਇਕ ਦਮ ਇਕੱਠੇ ਬੋਲੇ ਚਲੋ ਸੁਣਨੀ ਤਾਂ ਹੈਨੀ ਹਰਪ੍ਰੀਤ ਕਹਿ ਬਾਹਰ ਚਲੀ ਗਈ,ਪਿੱਛੇ ਗਗਨ,ਜੱਸ ਤੇ ਸ਼ੇਖੋ ਮੈਂ ਉੱਥੇ ਹੀ ਬੈਠਾ ਰਿਹਾ....ਸੋਚ ਰਿਹਾ ਸੀ...ਖੁਦ ਨੂੰ ਖੁਦ ਹੀ ਤਬਾਹ ਕਰ ਰਿਹਾ..ਹਾਹਾਹਾ ਇਕੱਲਾ ਹੀ ਬੈਠਾ ਸੋਚ ਰਿਹਾ ਸੀ,ਸੋਚਦੇ ਨੂੰ ਹੀ ਇਕ ਖਿਆਲ ਨੇ ਆ ਕੇ ਘੇਰ ਲਿਆ....

ਹੈਲੋ ਕਿਵੇਂ ਓ ਜਨਾਬ ......?

ਮੇਰੇ ਬੈਠੇ ਦੇ ਕੰਨਾਂ ਵਿੱਚ ਪਿੱਛੋਂ ਅਵਾਜ਼ ਪਈ ਇਕ ਦਮ ਧੜਕਣ ਤੇਜ ਹੋਈ ਤੇ ਮੈਂ ਪਿੱਛੇ ਦੇਖਿਆ ਠੀਕ ਤੁਸੀਂ..? ਵਧੀਆ.... ਕੀ ਮੈਂ ਤੁਹਾਡੇ ਨਾਲ ਬੈਠ ਸਕਦੀ ਆ ?ਮੈਨੂੰ ਪਤਾ ਓਹ ਹਰ ਵਾਰ ਇਹ ਪੁੱਛਦੀ ਆ ਪਰ ਆਪੀ ਬੈਠ ਵੀ ਜਾਂਦੀ ਆ

ਮੈਂ ਹੈਰਾਨ ਹੋਇਆ ਤੁਸੀਂ ਇੱਥੇ ਕਿਵੇਂ..?

ਜਿੱਥੇ ਤੁਸੀਂ ਉੱਥੇ ਮੈਂ ..॥

ਪਰ... ਪਰ,ਪਰ ਕੁਝ ਨੀ ਚੱਲ ਮੇਰੇ ਲਈ ਚਾਹ ਮੰਗਵਾ ਕਿੰਨਾ ਸਮਾਂ ਹੋ ਗਿਆ ਤੇਰੇ ਨਾਲ ਚਾਹ ਵੀ ਨੀ ਪੀਤੀ ਮੈਂ ਨਾਲੇ ਦੇਖ ਮੇਰੇ ਝੁਮਕੇ ਸੋਹਣੇ ਆ ਨਾ..? ਮੇਰਾ ਹੱਥ ਫੜ ਕੇ ਸੋਹਣੇ ਉਦਾਸ ਕਿਉਂ ਓ? ਹੱਥ ਫੜਦੇ ਸਾਰ ਮੇਰੇ ਚਿਹਰੇ ਤੇ ਰੌਣਕ ਆ ਗਈ.. ਹਾ

ਹਾ.......ਦੇਖਿਆ ਨਾ ਕਮਾਲ ਹੋ ਗਏ ਖੁਸ਼ ਐਵੇਂ ਉਦਾਸ ਜੇ ਬੈਠੇ ਰਹਿਣੇ ਓ..! ਝੁਮਕੇ ਸੋਹਣੇ ਆ...
ਸੋਹਣੇ ਤਾਂ ਹੋਣੇ ਹੀ ਨੇ ਤੁਹੀਂ ਲੈ ਕੇ ਦਿੱਤੇ ਸੀ ਹਨਾ,,ਤੂੰ ਹੱਲੇ ਤੱਕ ਸੰਭਾਲ਼ੇ ਆ ਲੈ ਹੋਰ ਕੀ,ਆ ਦੇਖ ਕਿਤਾਬ ਵੀ ਆ ਮੇਰੇ ਕੋਲ ਤੁਹਾਡੀ ਮੈਂ ਰੋਜ ਥੋੜ੍ਹੀ ਥੋੜ੍ਹੀ ਪੜ੍ਹਦੀ ਆ (ਮੇਰੇ ਵੱਲ ਝੁਕ ਕੇ )ਇਕ ਗੱਲ ਦੱਸ ਹੋਰ ਫੇਰ ਅੱਜ ਕੱਲ੍ਹ ਕਿੱਥੇ ਚੱਲ ਰਿਹਾ ਤੇਰਾ ਇਸ਼ਕ..?
ਇਸ਼ਕ ਤਾਂ ਜਿੱਥੇ ਪਹਿਲਾ ਸੀ..ਓ ਹੋ ਸੋਹਣੇ...
ਪਹਿਲੇ ਤੋਂ ਹਮ ਥੇ ਮੇਰੇ ਮਹਿਬੂਬ ਹਮ ਨੇ ਅਬ ਕਾ ਪੂਛਾ
ਬਤਾਓ ਬਤਾਓ..?

ਪਹਿਲਾਂ ਵੀ ਤੂੰ ਆਖ਼ਰੀ ਵੀ ਤੂੰ ,ਆਏ ਹਾਏ..! ਮੇਰਾ ਸ਼ਾਇਰ ਤੂੰ ਮੈਨੂੰ ਭੁੱਲਿਆ ਨੀ..! ਨਹੀਂ ਪਰ ਤੂੰ ਭੁਲਾ ਸਕਦੀ ਆ... ਓ ਕਾਹਲ਼ੀ ਨਾਲ ਉੱਠੀ ਤੇ ਉੱਚੀ ਉੱਚੀ ਬੋਲਣ ਲੱਗੀ ਮੈਂ, ਮੈਂ ਤੇਰੀ ਆ ਤੇਰੀ ਹੀ ਰਹੂਗੀਂ ਯਾਦ ਰੱਖੀ ॥
ਅਗਲੇ ਪਿੱਛਲੇ ਜਨਮ ਸਭ ਤੇਰੇ ਨਾਮ ਆ ਤੂੰ ਸੁਣ ਰਿਹਾ ਮੇਰੇ ਮੋਢੇ ਫੜ ਕੇ ਉਸ ਨੇ ਕਿਹਾ ਮੈਂ ਤੇਰੀ ਆ ਆਪਣੇ ਆਪ ਹੀ ਬੋਲਦੀ ਬੋਲਦੀ ਦਾ ਸਿਰ ਮੇਰੇ ਸੀਨੇ ਨਾਲ ਟਕਰਾ ਗਿਆ..॥ ਉਸਦਾ ਸਿਰ ਇੰਨੀ ਜ਼ੋਰ ਦੀ ਟਕਰਾਇਆ ਕੀ ਮੈਂ ਆਪਣੇ ਸੁਪਨੇ ਤੋਂ ਬਾਹਰ ਆ ਗਿਆ,ਆਸ ਪਾਸ ਦੇਖਿਆ ਕੋਈ ਨੀ ਸੀ,ਸੱਚੀ ਮੇਰਾ ਦਿਲ ਭਰ ਆਇਆ, ਮੈਂ ਦੇਖਿਆ ਮੇਰੇ ਟੇਬਲ ਤੇ ਕੁਝ ਕਿਤਾਬਾਂ ਪਈਆਂ ਸੀ ਜੋ ਕਦੇ ਉਸਨੇ ਦਿੱਤੀਆਂ ਸੀ ਤੇ ਉਹਦੀ ਆਖੀ ਗੱਲ ਯਾਦ ਆਈ,ਇਨ੍ਹਾਂ ਕਿਤਾਬਾਂ ਦੇ ਜਿੰਨੇ ਪੰਨੇ ਆ ਉਨ੍ਹਾਂ ਪੜ੍ਹ ,ਫੇਰ ਜਿੰਨੇ ਸ਼ਬਦ ਆ ਉਹਨਾਂ ਪੜ੍ਹੀ ,ਫੇਰ ਅੱਖਰਾਂ ਜਿੰਨਾ ਪੜ੍ਹੀ,ਮੈਂ ਡਾਇਰੀ ਤੇ ਕੁਝ ਲਿਖਿ ਆ.........
ਜ਼ਿੰਦਗੀ 'ਚ ਇਕ ਕਿਤਾਬ ਮਿਲੀ ਸੀ

ਉਹਨੇ ਮੇਰੀ ਹਥੇਲੀ ਤੇ ਕਿਤਾਬ ਰੱਖੀ
ਆਖਿਆ.......
ਮੈਨੂੰ ਖੁਸ਼ੀ ਹੋਓ
ਜਦ ਇਸਦੇ ਪੰਨਿਆਂ ਜਿੰਨੀਆਂ
ਕਿਤਾਬਾਂ ਤੇਰੇ ਕਮਰੇ 'ਚ ਹੋਣਗੀਆਂ
ਇਕ ਉਮਰ ਪੰਨਿਆਂ ਜਿੰਨੀਆਂ
ਕਿਤਾਬਾਂ ਇਕੱਠੀਆਂ ਕਰਦਾ ਰਿਹਾ
ਇਕ ਜਨਮ ਪੜ੍ਹਦਾ ਰਿਹਾ.....

ਫੇਰ ਮਿਲੀ ਤੇ ਇਕ ਹੋਰ ਮੋਟੀ ਸਾਰੀ
ਕਿਤਾਬ ਮੇਰੀ ਹਥੇਲੀ ਤੇ ਰੱਖੀ

ਹੁਣ ਇਸ ਦੇ ਅੱਖਰਾਂ ਜਿੰਨੀਆਂ
ਕਿਤਾਬਾਂ ਇਕੱਠੀਆਂ ਕਰ ਤੇ ਪੜ੍ਹ
ਬਸ ਅੱਖਰਾਂ ਜਿੰਨੀਆਂ ਕਿਤਾਬਾਂ
ਲੱਭਦਾ ਖੁਦ ਅੱਖਰ ਬਣਾਉਣ ਲੱਗਿਆ
ਉਹ ਬੋਲੀ ਨਹੀਂ
ਅੱਖਰਾਂ ਨੂੰ ਅੱਖਰ ਨਾ ਕਰ
ਇਨ੍ਹਾਂ ਨੂੰ ਅੱਖਰ ਰਹਿਣ ਦੇ
ਤੂੰ ਨਾ ਹੁਣ ਕੁਦਰਤ ਤੋਂ ਅੱਖਰ ਲੈ

ਤੇ ਨਜ਼ਮਾਂ ਜੋੜ

ਕੁਦਰਤ ਤੋਂ ਫੁੱਲ ਬੂਟੇ ਲੈ

ਤੇ ਫੇਰ ਉਨ੍ਹਾਂ ਨੂੰ 'ਚ ਨਜ਼ਮਾਂ ਸਜਾਈ

ਤੇ ਡਾਇਰੀ ਤੇ ਉਤਾਰ ਲਈ

ਕੋਸ਼ਿਸ਼ ਜਾਰੀ ਆ

ਖੌਰੇ ਕਦ ਕੁਦਰਤ ਮਿਹਰਬਾਨ  ਹੋਵੇ

ਮੈਨੂੰ ਨਜ਼ਮਾਂ ਨਸੀਬ ਹੋਣ....॥

ਜੱਸਃ ਓਏ! ਓਏ! ਕਿੱਥੇ ਖੋਹੀ ਬੈਠਾ ਚੱਲ ਚੱਲੀਏ....

ਮੈਂਃ ਉਫ਼! ਯਰ ਇਹ ਮੇਰੇ ਸੁਪਨੇ....

ਅਸੀਂ ਦੋਵੇਂ ਹੀ ਕਮਰੇ ਵਿੱਚ ਆ ਗਏ,ਜੱਸ ਦੇ ਰੰਗ ਕੁਛ ਬਦਲੇ ਹੋਏ ਲੱਗੇ,ਮੈਂ ਪੁੱਛਿਆ ਵੀ....ਪਰ ਕੋਈ ਜਵਾਬ ਨੀ,ਇਹ ਕਿਸੇ ਦੀ ਖਿੱਚ ਸੀ,ਮੈਨੂੰ ਵੀ ਪਤਾ ਤਾਂ ਲੱਗ ਹੀ ਗਿਆ ਸੀ, ਕਿ ਇਸਦੇ ਦਿਮਾਗ 'ਚ ਚੱਲ ਕਿ ਰਿਹਾ..ਮੈਂ ਆਪਣਾ ਪੜ੍ਹਨ ਲੱਗ ਗਿਆ,ਓ ਆਪਣਾ ਫ਼ੋਨ ਚਲਾਉਣ ਲੱਗ ਗਿਆ....ਦੂਜੇ ਦਿਨ ਉਹੀ ਹੋਇਆ ਜੋ ਮੈਂ ਸੋਚਿਆ,ਇਹ ਸਵੇਰੇ ਸਾਜਰੇ ਹੀ ਤਿਆਰ ਹੋਇਆ ਫਿਰੇ.....

ਮੈਂਃ ਕਿਧਰ ਕਲਾਸ ਲੱਗਣ 'ਚ ਸਮਾਂ ਪਿਆ ਹਜੇ..?

ਜੱਸਃ ਨਹੀਂ ਉਹ ਮੈਂ ਚੰਡੀਗੜ੍ਹ ਜਾ ਰਿਹਾ..ਸ਼ਾਮ ਤੱਕ ਆ ਜਾਓ, ਗਗਨ ਦਾ ਥੋੜ੍ਹਾ ਕੰਮ ਆ,ਉਹ ਕਹਿੰਦੀ ਤੂੰ ਨਾਲ ਚੱਲ......

ਮੈਂਃ ਜੇ ਕਿਸੇ ਦਾ ਹੱਥ ਫੜੇਗਾ ਉਮਰ ਭਰ ਲਈ ਫੜੀ,ਆਪਾ ਹਜ਼ਾਰ ਮਾੜੇ ਹੋ ਜਾਈਏ ਪਰ ਇਹ ਨੀ ਹੋਣਾ ਚਾਹੀਦਾ,ਕੋਈ ਕਿਹੇ ਕੁੜੀ ਵਰਤ ਕੇ ਛੱਡ ਤੀ..ਬਾਕੀ ਚੱਲ,ਜਾ ਧਿਆਨ ਰੱਖੀ.....ਓ ਵੀ ਚਲਾ ਗਿਆ ਤੇ ਮੈਂ ਆਪਣਾ ਪੜ੍ਹਨ ਲੱਗ ਗਿਆ..ਕਾਫ਼ੀ ਸਮਾਂ ਪ

ੜ੍ਹਨ ਤੋਂ ਬਾਅਦ ਸੋਚਿਆ ਥੋੜ੍ਹਾ ਸੋ ਲੈਣੇ ਆ...ਸਭ ਕੁਝ ਰੱਖ ਮੈਂ ਅੱਖਾਂ ਬੰਦ ਕੀਤੀਆਂ, ਜਾਗੋ ਮੀਚੀ ਜੀ ਵਿੱਚ ਕੁਝ ਮਹਿਸੂਸ ਹੋਇਆ...ਜਿਵੇਂ ਕੋਈ ਬਹੁਤ ਦੂਰੋ ਅਵਾਜ਼ ਦੇ ਰਿਹਾ ਹੋਵੇ,ਹੌਲੀ ਹੌਲੀ ਅਵਾਜ਼ ਨਜ਼ਦੀਕ ਆਉਣ ਲੱਗੀ..

ਓਏ ਓਏ...!..ਹੂ ਹੂ,ਕੌਣ ?

ਜਿਸ ਨੂੰ ਸਾਰਾ ਦਿਨ ਭਾਲਦਾ ਰਹਿਣਾ ਉਹੀ...ਪਰ ਤੂੰ ਇੱਥੇ ਕਿਵੇਂ..ਬਸ ਤੈਨੂੰ ਮਿਲਣ ਦਾ ਦਿਲ ਕੀਤਾ ,ਆ ਗਏ..ਕੁਝ ਗੱਲਾਂ ਕਰਨੀਆਂ ਤੇਰੇ....ਹੂ ਕਰੋ..ਤੂੰ ਕਿੰਨਾ ਕੁਝ ਪੜ੍ਹਦਾ ਹਨਾਂ..?..ਹਾਂ..ਪਰ ਨਸ਼ੇ ਵੀ....ਹੂ‘‘ਤੂੰ ਬਾਬਾ ਸ਼ਿਵ ਪੜ੍ਹਦਾ,ਕਿ ਸੋਚਦੇ ਹੋਣੇ ਤੇਰੇ ਬਾਰੇ ਜਿੰਨਾ ਨੂੰ ਤੂੰ ਪੜ੍ਹਦਾ ਵੀ ਸਾਨੂੰ ਪੜ੍ਹਨ ਵਾਲਾ ਹਮੇਸ਼ਾ ਗੁੰਮ ਰਹਿੰਦਾ,ਕੁਝ ਤੇ ਸੋਚ ਵਿਆਹ ਜੇ ਆਪਣਾ ਨੀ ਹੋ ਸਕਿਆ..ਕਿਸੇ ਨਾਲ ਤਾਂ ਹੋਣਾ ਹੀ ਆ, ਕਿਉਂ ਕਿਸੇ ਕੁੜੀ ਦੀ ਜ਼ਿੰਦਗੀ ਬਰਬਾਦ ਕਰੇਗਾ,ਕਿਸੇ ਨੇ ਕਿੰਨੀਆਂ ਉਮੀਦਾਂ ਲਾ ਕੇ ਤੇਰੇ ਨਾਲ ਵਿਆਹ ਕਰਾਉਣਾ,ਤੂੰ ਉਸਦੇ ਸੁਪਨੇ ਰੇਤੇ 'ਚ ਰੁਲ਼ਾਵੇਂਗਾ,ਸ਼ਰਮ ਕਰ ਯਰ ਕੁਝ ਸੁਧਰ ਜਾ..ਤੇਰੀ ਇਕ ਲਾਈਨ ਵਧੀਆ ਵੀ ਤੂੰ ਕਿਤਾਬਾਂ ਪੜ੍ਹਦਾ..ਪਰ ਦੂਜੀ ਸ਼ੀਸ਼ੀਸ਼ੀ ਨਿਰਾ ਨਰਕ...ਮੈਂ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗਿਆ..ਆਖ਼ਰੀ ਅਵਾਜ਼ ਕੰਨਾਂ 'ਚ ਪਈ....ਤੂੰ ਮੇਰੀ ਉਲਫ਼ਤ ਨੀ ਹੋ ਸਕਦਾ‘‘ਉਹ ਤਾਂ ਕਿਤਾਬਾਂ ਪੜ੍ਹਦਾ ਸੀ ਤੇ ਬਹੁਤ ਸਾਊ ਜਾ ਮੁੰਡਾ ਸੀ. ...ਗਰਮੀ ਗਰਮੀ ਹੋਇਆ,,ਮੇਰੀ ਅੱਖ ਖੁੱਲ੍ਹੀ...ਸਭ ਯਾਦ ਕੀਤਾ ਜੋ ਵੀ ਹੋਇਆ...ਡਾਇਰੀ ਚੱਕੀ ਤੇ ਲਿਖ ਦਿੱਤਾ...ਸ਼ਾਮ ਹੋ ਗਈ ਸੀ,ਜੱਸ ਵੀ ਆ ਗਿਆ......

ਜੱਸਃ ਕਿਵੇਂ ਖੋਇਆ ਜਾ ਬੈਠਾ ਅੱਜ....

ਮੈਂਃ ਯਰ ਨਸ਼ੇ ਕਰਕੇ ਸਾਰੇ ਨਫ਼ਰਤ ਕਰਦੇ ਪਰ ਇਹ ਹੁਣ ਛੱਡਣਾ ਪਰ ਕਿਵੇਂ...

ਜੱਸਃ ਹੌਲੀ ਹੌਲੀ ਘਟਾ ਦਿੰਦੇ ਆ,ਇਕਦਮ ਛੱਡੇ ਕਿਤੇ ਉਂਈ ਨਾ ਪਟਾਕਾ ਪੈ ਜਾਵੇ...

ਦੋਹੇ ਅਸੀਂ ਅਸੀ ਹੱਸ ਪਏ..ਹਾਂ ਫੇਰ ਤੇਰੀ ਸਟੋਰੀ ਕਿੱਥੇ ਪਹੁੰਚੀ..

ਜੱਸਃ ਹਾਂ ਬਸ ਚੱਲ ਰਹੀ .....

ਮੈਂਃ ਅੱਧਵਿਚਕਾਰ ਨਾ ਛੱਡੀ ਬਸ ਹੋਰ ਜੋ ਮਰਜ਼ੀ ਕਰੀ ਚੱਲ..

ਦੋਹੇ ਗੱਲਾਂ ਗੱਲਾਂ ਕਰਦੇ ਕਰਦੇ ਹੀ ਸੋ ਗਏ..ਹੁਣ ਮੈਂ ਫੇਰ ਇਕੱਲਾ ਰਹਿ ਗਿਆ..ਜੱਸ ਆਪਣੀ ਗਗਨ ਨਾਲ ਮੈਂ ਆਪਣੀਆਂ ਕਿਤਾਬਾਂ ਨਾਲ..ਪਰ ਮੈਂ ਇਹ ਸੋਚ ਰਿਹਾ ਸੀ ਰੱ ਬਾ ਇਹਨਾਂ ਦੀ ਮੁਹੱਬਤ ਪੂਰ ਚੜ੍ਹ ਜਾਵੇ...ਮੇਰੀ ਤਾਂ ਚੱਲ ਅਧੂਰੀ ਰਹਿ ਗਈ ਪਰ ਇ ਹ ਨਾ ਅਧੂਰੇ ਰਹਿਣ...ਇਹ ਹੁਣ ਹਰ ਰੋਜ ਹੀ ਹੋਣ ਲੱਗ ਗਿਆ ਸੀ...ਪਹਿਲਾ ਮੈਨੂੰ ਰਾਤ ਨੂੰ ਸੁਪਨੇ ਆਉਂਦੇ ਸੀ....ਹੁਣ ਦਿਨ 'ਚ ਵੀ ਸੁਪਨੇ ਐਵੇਂ ਜਿਵੇਂ ੳ ਸੱਚ ਮੁਚ ਗੱਲਾਂ ਕਰ ਰਹੀ ਹੋਵੇ......ਇਕ ਦਿਨ ਧੁੱਪੇ ਬੈਠਾ ਹੱਥ 'ਚ..ਕਿਤਾਬ..ਹੈਲੋ! ਮੈਂ ਬੋਲ ਰਹੀ ਆ ਸੀ ਇਹ ਕਿਤਾਬ ਮੈਨੂੰ ਬੜੀ ਸੋਹਣੀ ਲੱਗਦੀ ਆ...ਇਸ ਜੋ ਗੱਲਾਂ ਨੇ ਉਹ ਬੇਹੱਦ ਖ਼ੂਬ ਸੂਰਤ ਨੇ ਇਹ ਕਿਤਾਬ ਪੜ੍ਹਦੇ ਪੜ੍ਹਦੇ ਕੁਝ ਪੜ੍ਹੀਆਂ ........

"ਮੁਹੱਬਤ ਤੂੰ ਦੀ ਗੱਲ ਹੈ
ਇੱਥੇ ਸਭ ਦੀ ਮੈਂ ਬੋਲ ਰਹੀ ਹੈ"

ਇਹ ਲਾਈਨਾਂ ਲਿਖਣ ਬਾਅਦ ਮੈਂ ਸ਼ਾਂਤ ਤੇ ਖਾਲੀ ਹੋ ਗਿਆ..ਇਕ ਚੀਜ਼ ਮੇਰੇ ਦਿਮਾਗ 'ਚ ਜ਼ਿਆਦਾ ਰਹਿਣ ਲੱਗ ਗਈ ਜਾਂ ਘਰ ਕਰ ਗਈ,ਕੋਈ ਵੀ ਕਿਸੇ ਨਾਲ ਸਾਰੀ ਉਮਰ ਨੀ ਰਹਿੰਦਾ,ਜੇ ਕੁਝ ਕਰਨਾ ਤਾਂ ਇਕੱਲੇ ਚੱਲੋ..ਬਿਲਕੁਲ ਇਕੱਲੇ ਤੁਹਾਡਾ ਬਸ ਤੁਹਾਨੂੰ ਪਤਾ ਹੋਵੇ...ਕਿਸੇ ਤੇ ਵੀ ਨਿਰਭਰ ਨਾ ਹੋਵੇ..ਇਹ ਖੁਸ਼ ਰਹਿਣ ਦਾ ਤਰੀਕਾ ਵੀ...ਇਹ ਮੈਂ ਪੱਕਾ ਹੀ ਕਰ ਲਿਆ...ਕਿ ਕੋਈ ਕਿਸੇ ਦਾ ਨੀ ਇਕੱਲੇ ਰਹੋ,ਖੁਸ਼ ਰਹਿਣਾ ਜੇ...ਇਕ ਚੀਜ਼ ਅਜੀਬ ਜੀ ਹੋ ਰਹੀ ਸੀ ਮੇਰੇ ਨਾਲ ਮੈਨੂੰ ਆਸ ਪਾਸ ਤੋਂ ਡਰ ਲੱਗਣ ਲੱਗ ਗਿ ਆ ਸੀ,ਕਦੇ ਕਦੇ ਇਕੱਲੇ ਨੇ ਹੀ ਹੱਸ ਪੈਣਾ,ਕਦੇ ਊਈ ਬੋਲੀ ਜਾਣਾ ਬਿਨਾ ਗੱਲ ਤੋਂ ਮੈਂ ਵੀ ਪਾਗਲ,ਮੈਂ ਸੋਚਿਆ ਹੂ ਤੂੰ ਪਾਗਲ ਹੋ ਗਿਆ,ਮੇਰਾ ਸਿਰ ਭਾਰੀ ਹੋਇਆ, ਤੇ ਉੱਥੇ ਹੀ ਗਿਰ ਗਿਆ।

ਹਰਪ੍ਰੀਤ ਮੇਰੇ ਕੋਲ ਆਈ ਤੇ ਤੇ ਉਠਾਉਣ ਲੱਗੀ ਜਦ ਕੋਈ ਹਰਕਤ ਨਾ ਹੋਈ,ਉਹ ਡ ਰ ਗਈ,ਕਾਹਲ਼ੀ ਨਾਲ ਉਹਨੇ ਜੱਸ ਨੂੰ ਫ਼ੋਨ ਕੀਤਾ..

ਹਰਪ੍ਰੀਤਃ~ ਜੱਸ ਯਰ ਛੇਤੀ ਆ,ਇਹਨੂੰ ਪਤਾ ਨੀ ਕੀ ਹੋ ਗਿਆ,

ਜੱਸ ਤੇ ਸ਼ੇਖੋ ਆਏ ਤੇ ਮੈਨੂੰ ਲੈ ਗਏ,ਤਕਰੀਬਨ ਇਕ ਦਿਨ ਮੈਂ ਬੇਹੋਸ਼ ਰਿਹਾ,ਹੋਸ਼ ਆਈ ,ਮੂੰਹੋਂ ਪਹਿਲਾਂ ਸ਼ਬਦ ਨਿਕਲਿਆ ਉਹ ...?

ਹਰਪ੍ਰੀਤਃ~ thank god ! ਯਰ ਤੈਨੂੰ ਹੋਸ਼ ਆਇਆ

ਮੈਂਃ~ ਹੋਇਆ ਕੀ ਸੀ ?

ਜੱਸਃ~ ਇਹ ਸਾਲਿਆਂ ਤੂੰ ਦੱਸ ਕੀ ਖਾਦਾ ਸੀ,ਜੋ ਹੋਸ਼ ਹੀ ਗਵਾ ਲਿਆ ਸੀ?

ਮੈਂਃ~ ਕੁਝ ਵੀ ਨੀ ਯਰ

ਹਰਪ੍ਰੀਤਃ~ ਚੱਲ ਛੱਡੋ ਹੁਣ ਉਹਨੂੰ ਆਪਾ ਇਕ good news ਦੇਣੀ ਆ ?

ਮੈਂਃ~ ਕਿਹੜੀ ..?

ਹਰਪ੍ਰੀਤਃ ਓਏ! ਓਏ! ਮੁਬਾਰਕਾਂ

ਮੈਂਃ ਕਿਸ ਗੱਲ ਦੀਆਂ ਜੱਸ ਵਾਲੀ ਗੱਲ ਤਾਂ ਪਤਾ ਮੈਨੂੰ

ਹਰਪ੍ਰੀਤਃ ਨਹੀਂ ਓ ਗੱਲ ਨੀ ਓਹਦੇ ਕੋਲ ਕੁੜੀ ਆ ਤੇਰੀ ਮੁਹੱਬਤ ਕੋਲ ਹੁਣੀ ਗਗਨ ਨੂੰ ਕਾਲ ਆਇਆ ਸੀ

ਮੈਂਃ ਹੈਂਅ!

ਜਿਵੇਂ ਹੀ ਹੋਸ਼ ਵਿੱਚ ਆਇਆ ਸੀ,ਫੇਰ ਅੱਖਾਂ ਬੰਦ ਹੋ ਗਈਆਂ,ਇਕ ਦੋ ਵਾਰ ਬੁਲਾਉਣ ਤੇ ਹੋਸ਼ ਆਇਆ,ਮੈਂ ਥੋੜ੍ਹਾ ਘਬਰਾ ਕੇ ਜੇ ਫੇਰ ਖੁਦ ਨੂੰ ਸੰਭਾਲ ਲਿਆ....ਚੱਲ ਮੇਰੇ ਵੱਲੋਂ ਦੁਆਵਾਂ ਢੇਰ ਸਾਰਾ ਪਿਆਰ..ਉਹ ਇਹ ਗੱਲ ਕਹਿ ਤੁਰ ਪਈ...ਮੈਂ ਸੋਚ ਰਿਹਾ ਸੀ,ਉ ਹਦਾ ਸੁਪਨਾ ਸੀ...ਕਿ ਮੇਰੇ ਕੋਲ ਪਹਿਲੀ ਔਲਾਦ ਕੁੜੀ ਹੋਵੇ...ਖ਼ੈਰ ਸੁਣ ਲਈ ਰੱਬ ਨੇ ਉਹਦੀ,ਉਹਨੇ ਕਿਆ ਸੀ ਮੇਰੀ ਪਹਿਲੀ ਔਲਾਦ ਕੁੜੀ ਹੋਵੇ...

ਇਹ ਸੋਚਦੇ ਸੋਚਦੇ ਜੱਸ ਆ ਗਿਆ...ਉਹ ਮੈਨੂੰ ਖੋਹਿਆ ਦੇਖ ਹੈਰਾਨ ਹੋਇਆ...

ਜੱਸਃ ਇਕ ਗੱਲ ਆ ਓਏ ਖੁਸ਼ੀ ਵਾਲੀ ਆਪਣੇ ਲਈ...

ਮੈਂਃ ਉਹ ਕਿਹੜੀ ਜੋ ਗ਼ਮ ਤੋਂ ਵੱਧ ਕੇ ਆ

ਜੱਸਃ ਗਗਨ ਦੇ ਘਰਦੇ ਰਾਜ਼ੀ ਹੋ ਗਏ..ਵਿਆਹ ਲਈ ਹੁਣ ਤਾਂ ਵਿਆਹ 'ਚ ਉਹ ਵੀ ਆਓ...

ਮੈਂਃ ਖ਼ੈਰ ! ਮੁਬਾਰਕਾਂ ਅੱਜ ਤਾਂ ਸਾਰੇ ਪਾਸੇ ਮੁਬਾਰਕਾਂ ਮੁਬਾਰਕਾਂ ਹੋ ਰਹੀਆਂ ਨੇ ਕਦੋਂ ਕ ਰਨਾ ਫੇਰ ..?

ਜੱਸਃ ਬਸ ਥੋੜ੍ਹੇ ਦਿਨ 'ਚ ਪਾਰਟੀ ਆ,ਰਿਸ਼ਤੇ ਪੱਕਾ ਮੰਗਣੀ ਕਰ ਲੈਣੀ ਆ..

ਮੈਂਃ ਚੱਲ ਸੋਹਣੀ ਗੱਲ ਆ..ਕਰੋ ਫੇਰ ਤਿਆਰੀਆਂ

ਜੱਸਃ~ ਚੱਲ ਤੈਨੂੰ ਵੀ ਕਹਿ ਤਾਂ ਡਾਕਟਰ ਲਿਜਾਣ ਲਈ ਚੱਲ ਚੱਲੀਏ..

ਮੈਂ ਫੇਰ ਦੁਬਾਰਾ ਹੋਸਟਲ ਆ ਗਿਆ,ਜੱਸ ਆਪਣੀ ਹੋਣ ਵਾਲੀ ਵਾਹੁਟੀ ਕੋਲ ਚਲਾ ਗਿ ਆ,ਮੈਨੂੰ ਸੁਪਨੇ ਬੜੇ ਪਰੇਸ਼ਾਨ ਕਰਦੇ ਆ, ਉਨ੍ਹਾਂ ਦਿਨਾਂ ਦੇ ਕੁਝ ਸੁਪਨੇ.....

ਬੱਚੇ,ਬੱਚੇ,ਬੱਚੇ,ਕਈ ਵਾਰ ਮੇਰੇ ਕੰਨਾਂ'ਚ ਅਵਾਜ਼ ਪਈ,ਮੈਂ ਅੱਖ ਖੋਲ੍ਹੀ ਸਾਹਮਣੇ ਇਕ ਫ਼ ਕੀਰ ਬੈਠਾ ਸੀ,ਮੈਂ ਪੈਰ ਛੂਹ ਬਾਬਾ ਜੀ ਤੁਸੀਂ ਮੇਰੇ ਕੋਲ ਕਿਵੇਂ,ਬੱਚੇ ਤੇਰੇ ਨਾਲ ਗੱਲਾਂ ਕ ਰਨ ਨੂੰ ਦਿਲ ਕੀਤਾ,ਬਸ ਚੱਲ ਆਏ,ਹਾਂ ਜੀ,ਆਪਾ ਕਿਤੇ ਦੂਰ ਜਾ ਕੇ ਬੈਠੀਏ,ਹਾਂ ਜੀ ਮੈਨੂੰ ਵੀ ਇਹ ਸ਼ੋਰ ਘੱਟ ਹੀ ਪਸੰਦ ਆ,ਅਸੀਂ ਦੂਰ ਸ਼ਾਂਤੀ 'ਚ ਬੈਠ ਗਏ,ਬੱਚੇ ਮੈਂ ਤੇਰੇ ' ਚ ਬੜੀ ਸ਼ਾਂਤੀ ਦੇਖੀ,ਇਹ ਉਹਨਾਂ ਦੇ ਹੁੰਦੀ ਜੋ ਮੁਹੱਬਤ 'ਚ ਟੁੱਟੇ ਹੁੰਦੇ ਆ,ਜਿੰਨਾ ਸਭ ਲੁਟਾ ਦਿੱਤਾ ਹੁੰਦਾ,ਨਹੀਂ ਜੀ ਐਵੇਂ ਦੀ ਕੋਈ ਗੱਲ ਨੀ,ਬੱਚੇ ਤੂੰ ਮੈਨੂੰ ਝੂਠ ਬੋਲੇਗਾ,ਨਹੀਂ ਜੀ,ਫੇਰ ਦੱਸ ਤੇਰੀ ਉਦਾਸੀ ਦਾ ਕਾਰਣ ਕੀ ਆ,ਉਦਾਸੀ ਵੀ ਜ਼ਿੰਦਗੀ ਦਾ ਹਿੱਸਾ ਪਰ ਤੂੰ ਮਾਣ ਰਿਗਾ, ਪਹਿਲਾ ਤਾਂ ਮੈਂ ਕਿਹਾ ਮੇਰਾ ਦਿਲ ਕਰਦਾ ਤੁਹਾਡੇ ਗਲ ਲੱਗ ਜਾਵਾ, ਹਾਂ ਬੱਚੇ,ਮੈਂ ਨਾ ਜੀ ਬਹੁਤ ਕੋਸ਼ਿਸ਼ ਕੀਤੀ ਬਹੁਤ ਜ਼ਿਆਦਾ ਮੈਂ ਬਹੁਤ ਗਲਤੀਆਂ ਕਰ ਦਾ ਪਰ ਮੈਂ ਕਿਸੇ ਦਾ ਮਾੜਾ ਤਾਂ ਨੀ ਕਰਦਾ,ਮੈਂ ਰੋਕਿਆ ਉਸ ਨੂੰ ਪਰ ਉਸਨੇ ਕਿਹਾ ਮੈਂ

ਤੇਰੇ ਨਾਲ ਨੀ ਰਹਿਣਾ,ਕੀ ਮੁਹੱਬਤ ਕਰਨਾ ਗੁਨਾਹ ਕੋਈ,ਬੱਚੇ ਝੂਠੀ ਮੁਹੱਬਤ ਕਰਨਾ ਗੁਨਾਹ,ਪਰ ਮੈਂ ਜਿੰਨੇ ਵਾਰ ਕਿਸਮਤ ਅਜ਼ਮਾਈ ਦੋਨੋ ਵਾਰ ਚਪੇੜ ਮਾਰ ਕੇ ਗਈ,ਬੱਚੇ ਤੇਰੇ ਕੋਲ ਉਹ ਕੁਝ ਹੈ ਜਿਸ ਲਈ ਲੋਕ ਤਰਸਦੇ ਆ,"ਸਕੂਨ" ਮੈਨੂੰ ਖੁਦ ਨੀ ਪਤਾ ਲੱਗਾ ਸ਼ਾਇਦ ਪਹਿਲੀ ਵਾਰ ਸੀ,ਮੇਰੇ ਹੰਝੂ ਆਪਣੇ ਆਪ ਵਹਿ ਗਏ,ਬੱਚੇ ਤੂੰ ਬਹੁਤ ਸਹਿ ਲਿਆ,ਬਸ ਕੱਢ ਲੈ ਅੱਜ,ਅੱਖਾਂ ਬੰਦ ਕਰ ਤੇ ਬੀਤੇ ਸਮੇਂ 'ਚ ਦਾਖਲ ਹੋ,ਮੈਂ ਅੱਖਾਂ ਬੰਦ ਕੀਤੀਆਂ,ਇਕ ਚਿਹਰਾ ਅੱਖਾਂ ਸਾਹਮਣੇ ਘੁੰਮਣ ਲੱਗਾ,ਮੈਂ ਉਸ ਦਾ ਪਿੱਛਾ ਕਰਨ ਲੱਗਿਆ,ਅਚਾਨਕ ਉਹ ਗੁੰਮ ਹੋ ਗਿਆ,ਮੈਂ ਬਹੁਤ ਲੱਭਿਆ ਪਰ ਉਹ ਦੁਬਾਰਾ ਨੀ ਦਿਖਾਈ ਦਿੱਤਾ , ਥੱਕ ਮੈਂ ਅੱਖਾਂ ਖੋਲ੍ਹੀਆਂ ਦੇਖਿਆ ਫ਼ਕੀਰ ਗੁੰਮ ਸੀ,ਮੈਂ ਆਸ ਪਾਸ ਦੇਖਿਆ,ਬਸ ਇਕ ਅਵਾਜ਼ ਦੂਰੋ ਕੰਨਾਂ ਵਿੱਚ ਪੈ ਰਹੀ ਸੀ,ਖ਼ੁਦ ਨੂੰ ਖ਼ੁਦ 'ਚੋ ਲੱਭ,ਆਪਣੇ ਆਪ ਨੂੰ ਸੀਨੇ ਲਾ ਆਪਣੇ ਆਪ ਨਾਲ ਗੱਲਾਂ ਕਰ ਖ਼ੁਦ ਨੂੰ ਮਿਲ ਬੱਚੇ..........ਮੇਰੀ ਅੱਖ ਖੁੱਲ੍ਹ ਗਈ ॥

ਦੂਜੇ ਦਿਨ ਮੈਂ ਫੇਰ ਮੈਂ ਅੰਮ੍ਰਿਤਾ ਪ੍ਰੀਤਮ ਜੀ ਦੀ ਕਿਤਾਬ ਪੜ੍ਹ ਰਿਹਾ ਸੀ ਇਹ ਕਿਤਾਬ ਦੇ ਨਾਮ ਚ ਹੀ ਸਕੂਨ ਆ..ਮੈਂ ਤੈਨੂੰ ਫੇਰ ਮਿਲਾਂਗੀ...

ਮੇਰੇ ਹੱਥ'ਚ ਅੰਮ੍ਰਿਤਾ ਪ੍ਰੀਤਮ ਜੀ ਦੀ ਕਿਤਾਬ ਸਮਾਂ ਤਕਰੀਬਨ ਇਕ ਡੇਢ ਵੱਜਿਆ ਹੋਣਾ,ਮੈਂ ਆਪਣੀ ਮਸਤੀ 'ਚ ਪੜ੍ਹ ਰਿਹਾ ਸੀ,ਇਕ ਦਮ ਪੰਨੇ ਰੁਕੇ ਤੇ ਅਵਾਜ਼ ਆਈ,ਬਹੁਤ ਸੋਹਣਾ ਲੱਗਦਾ ਤੂੰ ਕਿਤਾਬ ਪੜ੍ਹਦਾ,ਤੁਸੀਂ...ਹਾਂ ਮੈਂ ਤੈਨੂੰ ਕਿਹਾ ਸੀ ਨਾ,ਜਿੱਥੇ ਤੂੰ ਹੋਵੇਗਾ ਮੈਂ ਹਮੇਸ਼ਾ ਤੇਰੇ ਕਰੀਬ ਰਹੂ,ਹਾਂ ਪਰ ਇਸ ਟਾਈਮ ਕਿਵੇਂ?ਮੈਂ ਇਕ ਗੱਲ ਕਰਨ ਆਈ ਆ,ਕਿਹੜੀ ਗੱਲ,ਜਿਹੜੀ ਚੀਜ਼ ਆਪਣੇ ਵਾਰ ਵਾਰ ਟਿਕਾਉਣ ਤੇ ਉਸ ਥਾਂ ਨਾ ਟਿਕੇ ਤਾਂ ਸਮਝ ਜਾਈ ਉਹ ਉਸ ਲਈ ਬਣੀ ਹੀ ਨਹੀਂ ,ਜੇ ਧੱਕਾ ਕਰੇਗਾ ਤਾਂ ਉਹ ਟੁੱਟ

ਜਾਣੀ ਆ,ਮੈਨੂੰ ਕੁਝ ਸਮਝ ਨੀ ਆਇਆ,ਕੋਈ ਨੀ ਮੈਨੂੰ ਪਤਾ ਏ,ਤੂੰ ਉਹ ਵੀ ਸਮਝਦਾ ਜੋ ਲੋਕ ਬੋਲਦੇ ਨੀ,ਕਿੰਨੀ ਕੁ ਰਹਿ ਗਈ ਕਿਤਾਬ,ਬਸ ਥੋੜ੍ਹੀ ਜੀ,ਪੂਰੀ ਕਰਕੇ ਹੀ ਸੋਵੇ ਗਾ,ਹਾਂ ਅਚਾਨਕ ਮੇਰੇ ਫ਼ੋਨ ਤੇ ਨੋਟੀਫੇਕਸਨ ਆਇਆ,ਇਸ'ਚ ਮੈਸੇਜ ਸੀ,ਮੈਂ ਕਾਹਲ਼ੀ ਨਾਲ ਫ਼ੋਨ ਚੱਕਿਆਂ,ਇਹ ਮੈਸੇਜ ਉਸੇ ਦਾ ਹੀ ਸੀ,ਜਿਸ ਦੇ ਮੈਂ ਕੁਝ ਸਮੇਂ ਤੋਂ ਕਰੀਬ ਸੀ ਪਰ ਮੇਰਾ ਕੁਝ ਖਾਂਸ ਧਿਆਨ ਕਦੇ ਗਿਆ ਨੀ ,ਮੈਂ ਮੈਸੇਜ ਖੋਲ੍ਹਿਆ ਜਿਸ ਤੇ ਲਿਖਿਆ ਸੀ......

"ਮੈਂ ਤੇਰਾ ਨਾਲ ਨੀ ਰਹਿਣਾ ਵਾਰ ਵਾਰ ਮੈਨੂੰ ਪਰੇਸ਼ਾਨ ਨਾ ਕਰ ਇਹ ਮਿੰਨਤਾਂ ਜੀਆਂ ਕਰਕੇ ਮੈਂ ਕੋਈ ਨੀ ਮੰਨਣਾ ਬਸ ਮੈਨੂੰ ਤੇਰੇ ਨਾਲ ਰਹਿਣਾ ਚੰਗਾ ਨੀ ਲੱਗਦਾ"ਫ਼ੋਨ ਰੱਖ ਮੇਰੇ ਉਹੀ ਗੱਲ ਦਿਮਾਗ ਚ ਆਈ,ਜਿਹੜੀ ਚੀਜ ਜਿਸ ਲਈ ਬਣੀ ਉੱਥੇ ਹੀ ਟਿਕਣੀ ਆ,ਜ਼ਬਰਦਸਤੀ ਕਰਨ ਤੇ ਉਹ ਟੁੱਟ ਜਾਵੇਗੀ,ਮੈਂ ਕਾਹਲ਼ੀ ਨਾਲ ਫੇਰ ਕਿਤਾਬ ਵੱਲ ਧਿਆਨ ਕਰਿਆ, ਪਰ ਕਿਤਾਬ ਦਾ ਆਖ਼ਰੀ ਪੰਨਾ ਖੁੱਲ੍ਹਾ ਸੀ ਜਿਸ ਤੇ ਅੰਮ੍ਰਿਤਾ ਪ੍ਰੀਤਮ ਜੀ ਦੀ ਕਵਿਤਾ ਸੀ..

ਮੈਂ ਤੈਨੂੰ ਫੇਰ ਮਿਲਾਂਗੀ ਕਿੱਥੇ? ਕਿਸ ਤਰਾਂ? ਪਤਾ ਨਹੀਂ......

ਹੌਲੀ ਹੌਲੀ ਜੱਸ ਦਾ ਵਿਆਹ ਵੀ ਨੇੜੇ ਲੱਗ ਰਿਹਾ ਸੀ,ਪਰ ਮੇਰੀ ਹਾਲਤ ਖਰਾਬ ਹੁੰਦੀ ਜਾ ਰਹੀ ਸੀ,ਵਿਆਹ 'ਚ ਭਾਵੇ ਮਹੀਨੇ ਤੋਂ ਵੀ ਘੱਟ ਸਮਾਂ ਸੀ,ਸਾਰਿਆਂ ਨੂੰ ਬਹੁਤ ਚਾਅ ਸੀ,ਗਗਨ ਨੇ ਉਸ ਨੂੰ ਵੀ ਕਾਲ ਕੀਤੀ ॥

ਗਗਨঃ~ ਹੈਲੋ! ਕਿਵੇਂ ਆ ਹੁਣ ਤਾਂ ਪਜਾਬ ਆਉਣ ਦੀ ਤਿਆਰੀ ਕਰ ਲੈਣ

ਉਹঃ~ ਹਾਏ! ਗਗਨ ਕਿਵੇਂ ਆ ਤੂੰ ਪੰਜਾਬ ਜ਼ਰੂਰ ਪਰ ਕੀ ਗੱਲ ਹੋਈ ਸਭ ਖ਼ੈਰ

ਗਗਨঃ~ ਹਾਂ ਮੇਰਾ ਵਿਆਹ ਏ ਜੱਸ ਨਾਲ ਤੂੰ ਜ਼ਰੂਰ ਆਵੀਂ

ਉਹ:~ ਓ ਵਾਹ ਮੁਬਾਰਕਾਂ ਜ਼ਰੂਰ ਮੈਂ ਕੱਲ੍ਹ ਹੀ ਫ਼ਾਈਲ ਲਾਉਣੀ ਆ,ਜ਼ਰੂਰ ਆਓ
ਗਗਨ:~ ਚੱਲ ਮਿਲਦੇ ਆ ਵਿਆਹ 'ਚ ਫੇਰ
ਜੱਸ ਦਾ ਮੈਨੂੰ ਫ਼ੋਨ ਆਇਆ ਪਰ ਮੇਰੇ 'ਚ ਫ਼ੋਨ ਚੱਕਣ ਦੀ ਹਿੰਮਤ ਹੀ ਨੀ ਸੀ,ਹਿੰਮਤ ਕਿ ਮੈਨੂੰ ਹੋਸ਼ ਹੀ ਨੀ ਸੀ,ਪਾਗਲਾਂ ਵਾਂਗ ਉਹਦਾ ਨਾਮ ਪੁਕਾਰ ਰਿਹਾ ਸੀ,ਜਦ ਕੋਈ ਫ਼ੋਨ ਨਾ ਚੱਕਿਆਂ,ਜੱਸ ਦੂਜੇ ਦਿਨ ਆਇਆ ਮੇਰੀ ਹਾਲਤ ਹੋਰ ਵੀ ਖਰਾਬ ਹੋ ਗਈ ਸੀ, ਜੱਸ ਨੇ ਆ ਜੇ ਦੇਖਿਆ ਸਭ ਪਾਸੇ ਖਲਾਰਾਂ ਸੀ,ਮੈਂ ਪਾਗਲਾਂ ਵਾਂਗ ਇਕ ਕੋਨੇ ਵਿੱਚ ਬੈਠਾ,ਹੌਲੀ ਹੌਲੀ ਮੂੰਹ 'ਚ ਉਹਦਾ ਨਾਮ ਲੈ ਰਿਹਾ ਸੀ,ਜੱਸ ਨੇ ਹਾਲਤ ਦੇਖ ਹਰਪ੍ਰੀਤ ਨੂੰ ਕਾਲ ਕਰੀ,ਹਰਪ੍ਰੀਤ ਨੇ ਆ ਦੇਖਿਆ,ਉਹ ਵੀ ਹੈਰਾਨ ਹੋ ਗਈ ,
ਜੱਸ:~ ਓਏ! ਇਹ ਪਾਗਲਾਂ ਵਾਂਗ ਕਿਉਂ ਕਰ ਰਿਹਾ ?
ਹਰਪ੍ਰੀਤ:~ ਯਰ ਹੁਣ ਕੀ ਕੀਤਾ ਜਾਵੇ ?
ਜੱਸ:~ ਤੇਰੀ ਇਕ ਦੋਸਤ ਨੀ ਓ ਜਿਹੜੀ ਡਾਕਟਰ ਆ,ਉਸਨੂੰ ਪੁੱਛ
ਹਰਪ੍ਰੀਤ:~ ਉਹ ਪਰਵਿੰਦਰ ?
ਜੱਸ:~ ਹਾਂ ਹਾਂ ਉਹੀ ਲਾ ਫ਼ੋਨ
(ਹਰਪ੍ਰੀਤ ਨੇ ਫ਼ੋਨ ਕੱਢਿਆ ਤੇ ਡਾ.ਪਰਵਿੰਦਰ ਨੂੰ ਲਾ ਲਿਆ )
ਹਰਪ੍ਰੀਤ:~ ਹੈਲੋ! ਕਿਵੇਂ ਓ ?
ਡਾ.ਪਰਵਿੰਦਰ:~ ਹਾਂ ਜੀ ਮੈਂ ਵਧੀਆ ਤੁਸੀਂ
ਹਰਪ੍ਰੀਤ:~ਯਰ ਮੇਰਾ ਇਕ ਦੋਸਤ ਪਾਗਲਾਂ ਵਾਲੀਆਂ ਹਰਕਤਾਂ ਕਰ ਰਿਹਾ ਤੂੰ ਛੇਤੀ ਆ ਸਕਦੀ ਆ ਪਲੀਜ ?
ਡਾ.ਪਰਵਿੰਦਰ:~ ਹਾਂ ਪਰ ਹੋਇਆ ਕਿਵੇਂ ?
ਹਰਪ੍ਰੀਤ:~ ਉਹ ਬਾਅਦ ਚ ਦੱਸੋ ਪਹਿਲਾਂ ਆ ਕੇ ਦੇਖ
ਡਾ.ਪਰਵਿੰਦਰ:~ ਓਕੇ ਓਕੇ

ਦੋਹੇ ਡਾ. ਦਾ ਇੰਤਜ਼ਾਰ ਕਰਨ ਲੱਗ ਗਏ,ਮੇਰੇ ਕਰੀਬ ਆਏ,ਓਏ,ਓਏ ਹੈਲੋ,ਮੇਰੇ ਵੱਲੋਂ ਕੋਈ ਜਵਾਬ ਨੀ ਆਇਆ,ਉਹਨਾਂ ਨੂੰ ਕਰੀਬ ਦੇਖ ਹੋਰ ਦੂਰ ਹੋ ਗਿਆ,ਦੋਹੇ ਜਣੇ ਡਰ ਗਏ,ਥੋੜ੍ਹੇ ਸਮੇਂ ਬਾਅਦ ਡਾ.ਪਰਵਿੰਦਰ ਆ ਗਈ,ਉਹਨੇ ਦੇਖਿਆ ...

ਡਾ.ਪਰਵਿੰਦਰਃ~ ਯਰ ਹਰਪ੍ਰੀਤ ਇਸ ਨੂੰ ਹਸਪਤਾਲ ਲੈ ਕੇ ਚੱਲੋ ਮੇਰੇ

ਜੱਸਃ~ ਮਤਲਬ ਪਾਗਲਖ਼ਾਨੇ ?

ਡਾ.ਪਰਵਿੰਦਰਃ~ ਹਾਂ ਜੀ

ਹਰਪ੍ਰੀਤਃ~ ਪਰ ਇਹ ਤਾਂ ਚੰਗਾ ਭਲਾ ਸੀ ਯਰ ਤੂੰ ਦੇਖ ਇਕ ਵਾਰ

ਡਾ.ਪਰਵਿੰਦਰਃ~ਯਰ ਇਹ ਮੌਤ ਦੇ ਕਰੀਬ ਆ ਪਾਗਲ ਹੋ ਗਏ,ਸਦਮੇ 'ਚ ਆ

ਜੱਸਃ~ ਯਰ ਨਹੀਂ

ਡਾ.ਪਰਵਿੰਦਰਃ~ ਜਿੰਨਾਂ ਸਮਾਂ ਲਗਾਓ ਗਏ ਹਾਲਤ ਖਰਾਬ ਹੋ ਜਾਣੀ, ਚਲੋ ਹੁਣ ਸਾਰੇ ਜਣੇ ਮੈਨੂੰ ਧੱਕੇ ਨਾਲ ਹਸਪਤਾਲ ਲੈ ਗਏ,ਪਰ ਹਾਲਤ ਸੁਧਰਨ ਦੀ ਥਾਂ ਵਿਗੜ ਗਈ,ਮੈਨੂੰ ਆਪਣੇ ਆਪ ਦਾ ਹੀ ਨੀ ਪਤਾ ਸੀ,ਹੁਣ ਤਾਂ ਡਾ.ਨੂੰ ਵੀ ਸੀ ਬਸ ਇਕ ਦੋ ਦਿ ਨ ਹੋਰ ਜੱਸ ਦਾ ਵਿਆਹ ਹੋਰ ਨੇੜੇ ਹੁੰਦਾ ਜਾ ਰਿਹਾ ਸੀ,ਜੱਸ ਨੇ ਗਗਨ ਨੂੰ ਕਿਹਾ ਇਸ ਬਾਰੇ ਉਸਨੂੰ ਨਾ ਪਤਾ ਲੱਗੇ,ਵਿਆਹ ਤੋਂ ਬਾਅਦ ਦੇਖਦੇ ਆ,ਆਖ਼ਰ ਉਸ ਦਾ ਜਹਾਜ਼ ਇੰਡੀਆ ਆਇਆ ਤੇ ਡਾ.ਪਰਵਿੰਦਰ ਦਾ ਹਰਪ੍ਰੀਤ ਨੂੰ ਫ਼ੋਨ ਗਿਆ...

ਡਾ.ਃ~ ਹਰਪ੍ਰੀਤ ਇਹ ਕੁੜੀ ਕੌਣ ਜਿਸਦਾ ਨਾਮ ਜਪ ਰਿਹਾ ਇਹ ?

ਹਰਪ੍ਰੀਤਃ~ ਇਸ ਦੀ ਉਲਫ਼ਤ ਜਿਸ ਨੇ ਬਦਲਿਆ ਇਸ ਨੂੰ

ਡਾ. ਦੇਖ ਯਰ ਇਸਦਾ ਬਚਣਾ ਮੁਸ਼ਕਲ ਆ,ਉਹ ਕੁੜੀ ਇਕ ਵਾਰ ਜੇ ਮਿਲ ਲਵੇ,ਸ਼ਾਇ ਦ ਕੋਈ ਫਰਕ ਪੈ ਜਾਵੇ,ਨਹੀਂ ਤਾਂ.......

ਹਰਪ੍ਰੀਤਃ~ ਨਹੀਂ ਨਹੀਂ ਬਸ ਪਰਸੋ ਜੱਸ ਦਾ ਵਿਆਹ ਜਦੋਂ ਤੱਕ ਪਲੀਜ ਤੂੰ ਸੰਭਾਲ ਲੈ

ਡਾ.ਪਰਵਿੰਦਰਃ~ ਚੱਲ ਬਾਬਾ ਮਿਹਰ ਕਰੇ ਵਿਚਾਰੇ ਤੇ

ਜੱਸ ਦੇ ਵਿਆਹ ਵਾਲਾ ਦਿਨ ਉਹ ਆਈ,ਸਾਰੇ ਪਾਸੇ ਖੁਸ਼ੀਆਂ ਦਾ ਮਾਹੌਲ ਸੀ,ਪਰ ਜਸ਼ ,ਹਰਪ੍ਰੀਤ,ਗਗਨ, ਦਾ ਧਿਆਨ ਮੇਰੇ ਵਿੱਚ ਸੀ,ਉਹ ਸਿਰਫ ਦਿਖਾਵੇ ਦਾ ਹਾਸਾ ਹੱਸ ਰ ਹੇ ਸੀ,ਉਸਨੇ ਹਰਪ੍ਰੀਤ ਨੂੰ ਪੁੱਛਿਆ ...

ਉਹ:~ ਹਰਪ੍ਰੀਤ ਉਹ ਨੀ ਆਇਆ ਵਿਆਹ 'ਚ

ਹਰਪ੍ਰੀਤ:~

(ਉਸਦਾ ਧਿਆਨ ਦੂਜੇ ਪਾਸੇ ਲਾਉਣ ਲਈ) ਯਰ ਤੇਰੀ ਕੁੜੀ ਮੈਨੂੰ ਫੜਾ ਖੇਡਣ ਦੇ ਮੈਨੂੰ ਵੀ ਇਹਦੇ ਨਾਲ

ਹਰਪ੍ਰੀਤ ਬੇਬੀ ਨਾਲ ਖੇਡਣ ਲੱਗ ਗਈ,ਉਧਰ ਉਹ ਮੈਨੂੰ ਲੱਭ ਰਹੀ ਸੀ,ਸਾਰਾ ਪ੍ਰੋਗਰਾ ਮ ਸਮਾਪਤ ਹੋਣ ਵਾਲਾ ਸੀ,ਪਰ ਨਾ ਉਹ ਮੈਨੂ ਨਾ ਮੈਂ ਉਸ ਨੂੰ ਦੋਹੇ ਇਕ ਦੂਜੇ ਦੇ ਸਾਹ ਮਣੇ ਨਹੀਂ ਸੀ,ਜਦੋਂ ਤਕਰੀਬਨ ਸਾਰਾ ਪ੍ਰੋਗਰਾਮ ਖਤਮ ਹੋਇਆ ..

ਉਹ:~ ਹਰਪ੍ਰੀਤ ਉਹ ਹੈ ਕਿੱਥੇ ਦੱਸਣਾ ਜਾਂ ਨਹੀਂ ?

ਹਰਪ੍ਰੀਤ ਦੇ ਫ਼ੋਨ ਤੇ ਰਿੰਗ ਵੱਜੀ ਨਾਮ ਡਾ.ਪਰਵਿੰਦਰ ਹਰਪ੍ਰੀਤ ਦਾ ਚਿਹਰਾ ਉੱਡ ਗਿ ਆ,ਜਦ ਉਸ ਨੇ ਫ਼ੋਨ ਚੱਲਿਆ ਅੱਗੋਂ ਅਵਾਜ਼ ਆਈ....

ਡਾ. ਹਰਪ੍ਰੀਤ ਤੁਹਾਡਾ ਦੋਸਤ ਨਹੀਂ ਰਿਹਾ

ਹਰਪ੍ਰੀਤ ਨੇ ਇੰਨੇ ਜ਼ੋਰ ਦੀ ਚੀਕ ਮਾਰੀ ਸਾਰੇ ਲੋਕ ਉਸ ਨੂੰ ਦੇਖਣ ਲੱਗੇ,ਜੱਸ ਤੇ ਗਗ ਨ ਵੀ ਆ ਗਏ,ਸਾਰੇ ਹਰਪ੍ਰੀਤ ਨੂੰ ਸਵਾਲ ਕਰ ਰਹੇ ਸੀ,ਪਰ ਹਰਪ੍ਰੀਤ ਗੁੰਮ ਸੀ,ਥੋੜ੍ਹਾ ਹੋਸ਼ 'ਚ ਆਉਣ ਤੋਂ ਬਾਅਦ ...

ਹਰਪ੍ਰੀਤ:~ ਜੱਸ ਜੱਸ ਜੱਸ

ਜੱਸ:~ ਹਾਂ ਹਾਂ ਕਿ ਹੋਇਆ ?

ਹਰਪ੍ਰੀਤ:~ ਯਰ ਉਹ ਆਪਾ ਨੂੰ ਛੱਡ ਗਿਆ,ਇਹਨਾਂ ਕਹਿ ਉਹ ਰੋਣ ਲੱਗ ਗਈ

ਜੱਸ:~ਨਹੀਂ ਇਹ ਤਾਂ ਨੀ ਹੋ ਸਕਦਾ ਚਲੋ ਸਾਰੇ ਦੇਖਦੇ ਆ ਜਾ ਕੇ

ਉਹ:~ ਕੌਣ ਨਹੀਂ ਰਿਹਾ ਕੋਈ ਦੱਸੋਗੇ ..?
ਜੱਸ:~ ਤੂੰ ਨਾਲ ਚੱਲ ਬਸ

ਸਾਰੇ ਇਕੱਠੇ ਹੋ ਕੇ ਹਸਪਤਾਲ ਪਹੁੰਚ ਗਏ,ਡਾ.ਨੂੰ ਪੁੱਛਿਆ ਉਸਨੇ ਦੱਸਿਆ ਕਲ੍ਹ ਰਾਤ ਤਬੀਅਤ ਜ਼ਿਆਦਾ ਖਰਾਬ ਹੋ ਗਈ ਸੀ,

ਉਹ:~ ਇੱਥੇ ਹੈ ਕੌਣ ਮੈਨੂੰ ਕੋਈ ਦੱਸੋ ਹੁਣ ( ਉਹ ਗ਼ੁੱਸੇ ਚ ਬੋਲੀ)

ਡਾ.ਪਰਵਿੰਦਰ:~ ਇਹ ਕੌਣ ਆ ਹਰਪ੍ਰੀਤ ?

ਹਰਪ੍ਰੀਤ:~ ਜਿਸਦਾ ਨਾਮ ਸੁਣ ਸੁਣ ਤੂੰ ਪੱਕ ਗਈ

ਡਾ.ਪਰਵਿੰਦਰ:~ OMG ਉਲਫ਼ਤ ..?

ਉਹ:~ ਤੁਸੀਂ ਮੇਰਾ ਇਹ ਨਾਮ ਕਿਵੇਂ ਜਾਣਦੇ ?

ਡਾ.ਪਰਵਿੰਦਰ:~ ਮੈਮ ਤੁਸੀਂ ਲੇਟ ਹੋ ਗਏ

ਉਹ:~ ਕੀ ਮਤਲਬ ਲੇਟ ਹੋ ਗਏ ?

ਡਾ.ਪਰਵਿੰਦਰ:~ ਅਸਲ 'ਚ ਜਿਸ ਦੀ ਅੰਦਰ dead body ਹੈ,ਉਹ ਹੋਰ ਨਹੀਂ ਕੋਈ ਤੁਹਾਡੀ ਮੁਹੱਬਤ ਹੈ ..

ਉਹ:~ ਕੀ (ਇਹਨਾਂ ਕਹਿ ਉਹ ਗਿਰ ਗਈ)

ਸਾਰੇ ਜਣੇ ਉਸ ਨੂੰ ਪਾਣੀ ਦੇ ਅੰਦਰ ਆ ਗਏ,ਉਹ ਵੀ ਹੁਣ ਹੋਸ਼ ਵਿੱਚ ਸੀ,ਉਹ ਕਮਰੇ ' ਚ ਆਈ ਦੇਖਿਆ ਸਾਰੀ ਕੰਧ ਤੇ ਉਸਦਾ ਨਾਮ ਸੀ,ਉਹ ਦੇਖ ਕੇ ਹੈਰਾਨ ਹੋਈ,ਜੱਸ ਨੇ ਚਿਹਰੇ ਤੋਂ ਕੱਪੜਾ ਉਠਾਇਆ ਸਾਰੇ ਰੋਣ ਲੱਗ ਗਏ ,

ਉਹ:~ ਸਾਰੇ ਬਾਹਰ ਜਾਓ ਹੁਣੀ

ਹਰਪ੍ਰੀਤ:~ ਕਿਉਂ ਕੀ ਹੋਇਆ ?

ਉਹ:~ ਇਹ ਇਸ ਤਰਾਂ ਨੀ ਜਾ ਸਕਦਾ ਇਸਦਾ ਹਿਸਾਬ ਰਹਿੰਦਾ ਮੇਰੇ ਨਾਲ

ਇਨ੍ਹਾਂ ਕਹਿ ਉਹ ਮੇਰੇ ਕਰੀਬ ਆਈ,ਤੇ ਹੁਣ ਹੰਝੂ ਮੇਰੇ ਤੇ ਪਾਏ ਕੱਪੜੇ ਤੇ ਗਿਰ ਰਹੇ ਸੀ,ਉਸ ਨੇ ਮੇਰੇ ਬਿਲਕੁਲ ਚਿਹਰਾ ਕਰੀਬ ਕਰ

ਉਹਃ~ ਮੇਰੀ ਮੁਹੱਬਤ ਹੈ ਤੂੰ ਜੇ ਤਾਂ ਉੱਠ ਅੱਜ ਤੈਨੂੰ ਮੈਂ ਅਵਾਜ਼ ਦੇ ਰਹੀ ਹਾਂ,ਤੂੰ ਕਹਿੰਦਾ ਸੀ ਨਾ ਤੂੰ ਅਵਾਜ਼ ਦੇਈ ਕਬਰਾਂ ਚੋਂ ਵੀ ਉੱਠ ਜਾਓ ਹੁਣ ਉੱਠ ਮੁਹੱਬਤ ਕਦੇ ਮਰ ਨੀ ਸਕਦੀ,ਜੇ ਮੁਹੱਬਤ ਸੱਚੀ ਹੈ ਤਾਂ ਉੱਠ ਤੇ ਗੱਲਾਂ ਕਰ ਮੇਰੇ ਨਾਲ,ਉੱਠ ਨਾ ਮੇਰੀ ਜਾਨ ਉੱਠ
(ਉਸਦੇ ਹੰਝੂ ਹੋਰ ਵਗਣ ਲੱਗ ਗਏ,ਮੇਰਾ ਚਿਹਰਾ ਉਸਦੇ ਹੰਝੂਆਂ ਨਾਲ ਭਰ ਗਿਆ )
ਉਸਨੇ ਫੇਰ ਕਿਹਾ .....
ਉਹਃ~ਰੱਬਾਂ ਅੱਜ ਰੂਹ ਤੇਰੇ ਕੋਲ ਆ ਜਿਸਮ ਮੇਰੇ ਕੋਲ ਜਾਂ ਤਾਂ ਦੋਹੇ ਲੈ ਜਾ ਨਹੀਂ ਮੇਰੀ ਰੂਹ ਵਾਪਸ ਕਰ....
ਉਸਦੇ ਹੰਝੂਆਂ ਨਾਲ ਮੇਰਾ ਚਿਹਰਾ ਭਿੱਜ ਗਿਆ,ਉਹਨੇ ਮੇਰੇ ਮੱਥੇ ਤੋਂ ਵਾਲ ਹਟਾਏ ਤੇ ਆਪਣੇ ਬੁੱਲ੍ਹ ਛੁਹਾ ਦਿੱਤੇ ਤੇ ਬੋਲੀ....
ਉਹਃ~ ਮੁਹੱਬਤ ਅੱਜ ਹਾਰ ਗਈ,ਕੋਈ ਮੁਹੱਬਤ ਨਾ ਕਰੇ
(ਉਹ ਬੋਲਦੀ ਜਾ ਰਹੀ ਸੀ,ਇਕ ਦਮ ਮੇਰੇ ਸਰੀਰ ਹਰਕਤ ਕਰੀ)
ਡਾ.ਹਾਏ ਇਸ ਵਿੱਚ ਸਾਹ ਹੈਗੇ ਨੇ ਪਾਸੇ ਹੋਵੋ ਸਾਰੇ
ਹਰਪ੍ਰੀਤਃ~ (ਉਸਨੇ ਗਲ ਲਾ) ਮੁਹੱਬਤ ਕਦੇ ਮਰਦੀ ਨੀ
ਉਹਃ~ (ਮੇਰਾ ਹੱਥ ਫੜ ਬੈਠ ਗਈ) ਕਿਹਾ...
ਆ ਕਿ ਤੈਨੂੰ ਨਜ਼ਰ ਭਰ ਕੇ ਅੱਜ ਦੋ ਪਲ ਵੇਖ ਲਾਂ
ਮੌਤ ਹੈ ਮਨਸੂਰ ਦੀ
ਕਿਤਨੀ ਕੁ ਮੁਸ਼ਕਿਲ ਵੇਖ ਲਾਂ ।(ਅੰਮ੍ਰਿਤਾ ਪ੍ਰੀਤਮ )

ਕੁਝ ਸਮੇਂ ਬਾਅਦ ਮੈਨੂੰ ਥੋੜ੍ਹਾ ਹੋਸ਼ ਆਇਆ,ਮੈਂ ਅੱਖਾਂ ਖੋਲੀਆਂ ਸਾਹਮਣੇ ਉਹ ਬੈਠੀ ਦੇਖ ਆਪ ਹਮਾਰੇ ਮੂੰਹੋਂ ਹਲਕਾ ਜਾਂ ਬੋਲ ਨਿਕਲਿਆ....

ਮੈਂঃ~ ਉਲਫ਼ਤ...?

ਉਹঃ~ ਹਾਂ,ਹਾਂ ਮੈਂ

ਮੈਂঃ~ਤੂੰ ਇੱਥੇ ਕਿਵੇਂ,ਨਾਲੇ ਮੈਂ ਇੱਥੇ ਕਿਵੇਂ

ਉਹঃ~ ਤੂੰ ਠੀਕ ਆ ਨਾ

ਪਾਗਲਪਣ ਦਾ ਦੌਰਾ ਫੇਰ ਪਿਆ ਮੈਂ ਉਸ ਤੋਂ ਵੀ ਡਰਨ ਲੱਗ ਗਿਆ,ਡਾ. ਨੇ ਸੰਭਾਲ ਲਿਆ,ਸਾਰਿਆਂ ਨੂੰ ਬਾਹਰ ਭੇਜ ਦਿੱਤਾ,ਉਹਨਾਂ ਦੇ ਪਿੱਛੇ ਹੀ ਡਾਕਟਰ ਚਲੀ ਗਈ ..

ਡਾ.ਪਰਵਿੰਦਰঃ~ ਵਾਹ ਮੈਮ ਕਮਾਲ ਹੈ ਮੁਹੱਬਤ,ਮੈਂ ਤਾਂ ਪਹਿਲੀ ਵਾਰ ਦੇਖਿਆ,ਮੁਹੱਬਤ ਕਿਸੇ ਨੂੰ ਮੌਤ ਤੋਂ ਕੱਢ ਲਿਆਉਂਦੀ ਆ,ਇਹ ਪੜ੍ਹਿਆ ਸੀ ਪਰ ਅੱਜ ਦੇਖ ਲਿਆ,dont worry ਹੁਣ ਇਹ ਹੌਲੀ ਹੌਲੀ ਠੀਕ ਹੋ ਜਾਣਗੇ॥

ਉਹঃ~ ਤੈਨੂੰ ਪਤਾ ਨਹੀਂ ਹੈ ਹਾਲੇ

ਮੁਹੱਬਤ ਦਾ ਮਤਲਬ

ਮਰ ਕੇ ਵੀ ਕਹਿਣਾ ਪੈਂਦਾ ਹੈ

ਮੈਂ ਜਿਉਂਦਾ ਹਾਂ (ਸੂਹੇ ਅੱਖਰ)

ਤਕਰੀਬਨ ਮਹੀਨੇ ਦੇ ਵਿੱਚ ਵਿੱਚ ਫ਼ਰਕ ਪੈ ਗਿਆ,ਉਹ ਮਹੀਨਾ ਹੀ ਮੇਰੇ ਕੋਲ ਰਹੀ, ਜਦ ਉਸਦੇ ਜਾਣ ਦਾ ਵੇਲਾ ਆਇਆ ਮੈਂ ਠੀਕ ਹੋ ਗਿਆ ਸੀ,ਉਹ ਮਿਲਣ ਆਈ ਨਾਲ ਜੱਸ,ਹਰਪ੍ਰੀਤ,ਸ਼ੇਖੋ ਸਾਰੇ ਹੀ ਸੀ,ਉਸਦੀ ਗੋਦੀ 'ਚ ਬੇਬੀ ਸੀ,

ਉਹঃ~ ਹੁਣ ਠੀਕ ਆ,ਸੋਹਣੇ ਕੰਮ ਕਰੀ,ਕਿਤਾਬਾਂ ਪੜ੍ਹੀ ਵੱਡਾ ਸਾਰਾ ਲੇਖਕ ਬਣੀ,

ਮੈਂঃ~ ਹੂ !

ਉਹঃ~ ਤੇਰਾ ਆ ਹੂ ਹੂ ਨੀ ਗਿਆ ਹਜੇ ਤੱਕ

(ਇਹ ਸੁਣ ਸਾਰੇ ਹੱਸ ਪਏ) ਮੈਂ ਉਸਦੀ ਗੋਦੀ 'ਚੋ ਬੇਬੀ ਲੈ ਲਿਆ..

ਮੈਂః~ ਸੋਹਣੇ ਤੇਰਾ ਨਾਮ ਕੀ ਆ...?

ਬੇਬੀః~ ਉ..ਤ...ਫ਼....ਤ ਜੀ

ਮੈਂః~ ਬਹੁਤ ਸੋਹਣਾ ਨਾਮ ਕਿਸ ਨੇ ਰੱਖਿਆ ਸੋਹਣੇ ?

ਬੇਬੀః~ ਮੰ....ਮਾ... ਨੇ...ਰੱ....ਤਿ.....ਆ

ਉਹః~

(ਸਾਰਿਆਂ ਵੱਲ ਦੇਖ) ਹੁਣ ਇਸਦਾ ਵੀ ਵਿਆਹ ਕਰਾ ਦਿਓ,ਰੱਬ ਕਰੇ ਇਸ ਕੋਲ ਮੁੰਡਾ ਹੋਵੇ ..

ਹਰਪ੍ਰੀਤః~ ਹਾਹਾਹਾ ਹੁਣ ਨਾਮ ਵੀ ਦੱਸ ਦੇ ਕੀ ਰੱਖੀਏ ?

ਉਹః~ ਸੋਹਬਤ !

ਸਾਰਿਆਂ ਦੇ ਚਿਹਰੇ ਤੇ ਰੌਣਕ ਆ ਗਈ,ਉਸਨੇ ਇਕ ਵਾਰ ਫੇਰ ਕਿਹਾ....ਉਲਫ਼ਤ ਤੇ ਸੋਹਬਤ ਉਸਦੇ ਬੈਗ ਚ ਪੂਰਨਮਾਸੀ ਸੀ..

ਉਹః~ ਇਹ ਨਾਵਲ ਇਕ ਵਾਰ ਹੋਰ ਪੜ੍ਹੀ ...

ਮੇਰੇ ਦਿਮਾਗ 'ਚ ਇਕ ਦਮ ਅੰਮ੍ਰਿਤਾ ਪ੍ਰੀਤਮ ਜੀ ਕਵਿਤਾ ਫੇਰ ਘੁੰਮ ਗਈ...

"ਮੈਂ ਤੈਨੂੰ ਫੇਰ ਮਿਲਾਂਗੀ

ਕਿੱਥੇ ? ਕਿਸ ਤਰਾਂ ? ਪਤਾ ਨਹੀਂ

ਉਹః~ ਚਲੋ ਬਾਏ ਸਾਰਿਆਂ ਨੂੰ ਖਿਆਲ ਰੱਖੀ,ਸਾਡੇ ਸੋਹਬਤ ਦਾ ਮੈਂ ਉਲਫ਼ਤ ਦਾ ਰੱਖ ਰਹੀ ਹਾਂ ॥

ਇਕ ਕਿਰਨ ਫੇਰ ਦਿਖਾਈ ਦਿੱਤੀ,ਮੁਹੱਬਤ ਪੂਰੀ ਕਰਨ ਦੀ ਉਹ ਸੀ,ਉਲਫ਼ਤ ਤੇ ਸੋਹ ਬਤ ਦੀ ਮੈਂ ਫੇਰ ਦੁਹਰਾਇਆ ....

ਉਲਫ਼ਤ ਤੇ ਸੋਹਬਤ...........................

"ਮੈਂ "ਸ਼ਾਯਰ" ਨਹੀਂ ਮੁਸਾਫ਼ਿਰ ਹਾਂ !

ਹਰ ਪਲ ਨਵੇਂ ਰਾਹ ਦੀ ਤਲਾਸ਼ ਕਰਦਾ ਰਹਿੰਦਾ ਹਾਂ ॥"


ਉਲਫ਼ਤ (ਭਾਗ ਦੂਜਾ)

ਨਾਮਃ ਬਰਾਜੀਆਂ (Bharajia)

Insta: Ulfat.011

:bharajia.010

rj606072@gmail.com


~~~~~~~~~~~~~~~~~~~~~~~~~~~~~~~~~~~~~~~~~~~~


ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com
~~~~~~~~~~~~~~~~~~~~~~~~~~~~~~~~~~~~~~~~~~~~